ISSN: 2584-0509



(Page 155 to 190)

# ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ 'ਪ੍ਰੇਮ ਪ੍ਰਕਾਸ਼' ਨਾਲ ਮੁਲਾਕਾਤ



ਜਿੰਦਰ
ਪ੍ਰਸਿੱਧ ਕਹਾਣੀਕਾਰ
ਅਤੇ
ਸੰਪਾਦਕ ਸ਼ਬਦ
(ਮੈਗਜ਼ੀਨ)
jinder340@gmail.com

ਪੰਜਾਬੀ ਕਹਾਣੀ ਸਾਹਿਤ ਦੇ ਆਕਾਸ਼ ਵਿੱਚ ਪ੍ਰੇਮ ਪ੍ਰਕਾਸ਼ ਇੱਕ ਚਮਕਦਾ ਸਿਤਾਰਾ ਸਨ, ਜਿਨ੍ਹਾਂ ਨੇ ਆਪਣੀ ਲੇਖਣੀ ਨਾਲ ਮਨੁੱਖੀ ਮਨ ਦੀਆਂ ਅਣਦਿੱਸਦੀਆਂ ਤਹਿਆਂ ਨੂੰ ਫਰੋਲਿਆ ਅਤੇ ਔਰਤ-ਮਰਦ ਸੰਬੰਧਾਂ ਦੇ ਬਾਰੀਕ ਤਾਣੇ-ਬਾਣੇ ਨੂੰ ਮਨੋਵਿਗਿਆਨਕ ਨਜ਼ਰੀਏ ਤੋਂ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕੀਤਾ। 1992 ਈ. ਵਿੱਚ ਉਨ੍ਹਾਂ ਦੇ ਕਹਾਣੀ ਸੰਗ੍ਰਹਿ 'ਕੁੱਝ ਅਣਕਿਹਾ ਵੀ' ਨੂੰ ਸਾਹਿਤ ਅਕਾਦਮੀ ਪੁਰਸਕਾਰ ਨਾਲ ਨਿਵਾਜ਼ਿਆ ਗਿਆ। ਉਨ੍ਹਾਂ ਦੀਆਂ ਕਹਾਣੀਆਂ ਸਿਰਫ਼ ਮਨੋਰੰਜਨ ਹੀ ਨਹੀਂ ਸਨ ਕਰਦੀਆਂ ਸਗੋਂ ਸਮਾਜਿਕ ਯਥਾਰਥ ਦਾ ਸ਼ੀਸ਼ਾ ਵੀ ਸਨ, ਜਿਨ੍ਹਾਂ ਵਿੱਚ ਮਨੁੱਖੀ ਵਿਵਹਾਰ ਦੇ ਲੁਕਵੇਂ ਪਹਿਲੂ ਇੰਨੀ ਸੂਝ-ਬੂਝ ਨਾਲ ਉਜਾਗਰ ਹੁੰਦੇ ਸਨ ਕਿ ਪਾਠਕ ਆਪਣੇ ਅੰਦਰ ਝਾਂਕਣ ਲਈ ਮਜਬੂਰ ਹੋ ਜਾਂਦੇ ਸਨ। ਉਨ੍ਹਾਂ ਦੀ ਲੇਖਣੀ ਦੀ ਵਿਸ਼ੇਸ਼ਤਾ ਇਹ ਸੀ ਕਿ ਉਹ ਆਮ ਜਿੰਦਗੀ ਦੇ ਮਾਮੂਲੀ ਪ੍ਰਸੰਗਾਂ ਵਿੱਚੋਂ ਅਸਾਧਾਰਨ ਕਹਾਣੀਆਂ ਘੜ੍ਹ ਲੈਂਦੇ ਸਨ। ਮਨੁੱਖੀ ਰਿਸ਼ਤਿਆਂ ਦੀ ਜਟਿਲਤਾ ਅਤੇ ਭਾਵਨਾਵਾਂ ਦੇ ਅੰਤਰ-ਵਿਰੋਧ ਨੂੰ ਬਿਆਨ ਕਰਨ ਵਿੱਚ ਉਨ੍ਹਾਂ ਦੀ ਕਲਮ ਕਿਸੇ ਜਾਦੂਗਰ ਦੀ ਛੜੀ ਵਾਂਗ ਕੰਮ ਕਰਦੀ ਸੀ। 30 ਮਾਰਚ 2025 ਨੂੰ ਜਦੋਂ ਪ੍ਰੇਮ ਪ੍ਰਕਾਸ਼ ਜੀ ਨੇ ਇਸ ਸੰਸਾਰ ਤੋਂ ਅੰਤਿਮ ਵਿਦਾਇਗੀ ਲਈ, ਤਾਂ ਪੰਜਾਬੀ ਸਾਹਿਤ ਦਾ ਇੱਕ ਯੁਗ ਸਮਾਪਤ ਹੋ ਗਿਆ। ਪਰ ਸੱਚੇ ਸਾਹਿਤਕਾਰ ਕਦੇ ਮਰਦੇ ਨਹੀਂ-ਉਹ ਆਪਣੀਆਂ ਰਚਨਾਵਾਂ ਵਿੱਚ ਅਮਰ ਰਹਿੰਦੇ ਹਨ। ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਜਿੰਦਰ ਨੇ ਪ੍ਰੇਮ ਪ੍ਰਕਾਸ਼ ਜੀ ਨਾਲ ਇੱਕ ਲੰਬੀ-ਚੌੜੀ ਮੁਲਾਕਾਤ ਕੀਤੀ ਸੀ, ਇਹ ਮੁਲਾਕਾਤ ਕਦੋਂ ਕੀਤੀ, ਇਸ ਸੰਬੰਧੀ ਖ਼ੁਦ ਜਿੰਦਰ ਨੂੰ ਵੀ ਕੋਈ ਚੇਤਾ ਨਹੀਂ ਹੈ। ਪਰੰਤੂ ਇਸ ਮੁਲਾਕਾਤ ਦੇ ਅੰਦਰੂਨੀ ਹਵਾਲਿਆਂ ਦੇ ਆਧਾਰ 'ਤੇ ਇਹ ਸੰਨ 2000 ਦੇ ਆਸ-ਪਾਸ ਕੀਤੀ ਗਈ ਪ੍ਰਤੀਤ ਹੁੰਦੀ ਹੈ। ਇਸ ਗੱਲਬਾਤ ਵਿੱਚ ਪ੍ਰੇਮ ਪ੍ਰਕਾਸ਼ ਜੀ ਦੇ ਸਾਹਿਤਕ ਚਿੰਤਨ, ਜੀਵਨ ਦਰਸ਼ਨ ਅਤੇ ਸਿਰਜਣ ਪ੍ਰਕਿਰਿਆ ਆਦਿ ਅਨੇਕ ਪਹਿਲੂਆਂ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਹ ਸਿਰਫ਼ ਇੱਕ ਮੁਲਾਕਾਤ ਨਹੀਂ, ਬਲਕਿ ਦੋ ਸਾਹਿਤਕਾਰਾਂ ਦੀ ਗਿਆਨ ਭਰਪੂਰ ਗੋਸ਼ਟਿ ਹੈ। ਅਸੀਂ ਇਸ ਗੋਸ਼ਟਿ ਨੁਮਾ ਮੁਲਾਕਾਤ ਨੂੰ ਖੋਜਨਾਮਾ ਦੇ ਇਸ ਅੰਕ ਵਿੱਚ ਸ਼ਾਮਿਲ ਕਰਨ ਦਾ ਮਾਣ ਹਾਸਿਲ ਕਰ ਰਹੇ ਹਾਂ।

**ਸੰਪਾਦਕ**

**ਜਿੰਦਰ:**-ਕਿਉਂ ਨਾ ਗੱਲ ਬਚਪਨ ਤੋਂ ਹੀ ਸ਼ੁਰੂ ਕਰੀਏ, ਤੁਹਾਡਾ ਬਚਪਨ ਕਿਹੋ ਜਿਹਾ ਸੀ ਅਤੇ ਤੁਹਾਨੂੰ ਕਿਹੋ ਜਿਹੇ ਸੰਸਕਾਰ ਮਿਲੇ?

**ਪ੍ਰੇਮ ਪ੍ਰਕਾਸ਼:**-ਮੈਂ ਦੂਜੇ ਨੰਬਰ ਦੀ ਸੰਤਾਨ ਹਾਂ। ਇੱਕ ਭਾਈ ਮੇਰਾ ਵੱਡਾ ਤੇ ਚਾਰ ਛੋਟੇ ਸਨ। ਇੱਕ ਸਕੂਲ ਪੜਦਾ ਹਾਦਸੇ 'ਚ ਗੁਜ਼ਰ ਗਿਆ ਸੀ। ਦੋ ਛੋਟੀਆਂ ਭੈਣਾਂ ਨੇ। ਘਰ 'ਚ ਬਹੁਤ ਖੁਸ਼ਹਾਲੀ ਸੀ। ਪਰ ਮੈਂ ਸਿਰੜੀ, ਰੋਂਦੂ, ਜ਼ਿੱਦੀ, ਕਮਜ਼ੋਰ ਤੇ ਡਰਾਕਲ ਸੀ। ਬੀਬੀ ਦਾ ਪੱਲਾ ਨਹੀਂ ਸੀ ਛੱਡਦਾ। ਉਹ ਭੂਤਾਂ ਚੁੜੇਲਾਂ ਤੋਂ ਡਰਾਉਦੀ–ਖਹਿੜਾ ਮਸਾਂ ਛੱਡਾਉਦੀ ਸੀ। ਬਾਪ ਦਾ ਸੁਭਾਅ ਸਖਤ ਸੀ। ਉਹਨੇ ਨਾ ਕਦੇ ਗੱਲ ਕੀਤੀ ਸੀ ਤੇ ਨਾ ਈ ਉਂਗਲੀ ਲਾਇਆ ਸੀ। ਵੱਡਾ ਭਾਈ ਅੱਖੜ ਤੇ ਕਰੂਰ ਸੀ। ਮੈਨੂੰ ਕੁੱਟ ਪੈਂਦੀ ਰਹਿੰਦੀ ਸੀ। ਬਦਲਾ ਲੈ ਨਹੀਂ ਸੀ ਸਕਦਾ। ਪਿਤਾ ਆਰੀਆ ਸਮਾਜੀ ਹਿੰਦੂ ਧਰਮ ਨੂੰ ਮੰਨਣ ਵਾਲੇ ਗਾਂਧੀਵਾਦੀ ਸਨ। ਪਰਮੈਨੂੰ ਨਿਆਂ ਨਹੀਂ ਸੀ ਮਿਲਦਾ। ਜੇ ਬੀਬੀ ਨਾ ਹੁੰਦੀ ਤਾਂ ਮੈਂ ਉਸ ਘਰੋਂ ਬਹੁਤ ਛੋਟੀ ਉਮਰੇ ਭੱਜ ਜਾਣਾ ਸੀ। ਦਾਦੀ-ਦਾਦਾ ਨੇ ਹੀ ਪਿਆਰ ਨਾਲ ਪਾਲਿਆ ਸੀ। 1947 ਤੋਂ ਬਾਅਦ ਅੱਠਵੀਂ ਨੌਂਵੀਂ 'ਚ ਪੜਦਾ ਮੈਂ ਘਰੋਂ ਕਈ ਵਾਰ ਭੱਜਿਆ ਸੀ। ਜਦ ਪੈਸਾ ਧੇਲਾ ਮੁੱਕ ਜਾਂਦਾ ਸੀ, ਮੁੜ ਆਉਦਾ ਸੀ।

ਦਾਦਾ ਦਾਦੀ ਸਨਾਤਨੀ ਸਨ। ਬਾਪ ਕੱਟੜ ਆਰੀਆ ਸਮਾਜੀ। ਉਹ ਵੱਡਿਆਂ ਦੇ ਸਨਾਤਨ ਧਰਮ, ਦੇਵੀ ਦੇਵਤਿਆਂ, ਪੁਰਾਣਾਂ ਤੇ ਧਰਮ ਕਰਮਾਂ ਦਾ ਮਜ਼ਾਕ ਉਡਾਂਦੇ ਸਨ। ਦਾਦੀ ਦੁੱਖੀ ਹੁੰਦੀ ਸੀ। ਨੌਂਵੀਂ 'ਚ ਮੈਂ ਬਾਪ ਦੇ ਧਰਮ ਦਾ ਮਜ਼ਾਕ ਉਡਾਇਆ ਸੀ। ਉਹਨੂੰ ਸਾਰੀ ਉਮਰ ਇਹ ਗੱਲ ਨਹੀਂ ਸੀ ਭੁੱਲੀ। ਏਸੇ ਲਈ ਮੇਰੇ ਨਾਲ ਵਿਤਕਰੇ ਕੀਤੇ। ਉਂਜ ਉਹ ਬੇਹੱਦ ਇਮਾਨਦਾਰ, ਸੱਚ ਬੋਲਣ ਵਾਲੇ, ਗਰੀਬਾਂ ਦੁਖੀਆਂ ਦੇ ਹਮਦਰਦ ਸਨ। ਮੈਂ ਸਾਰੀ ਉਮਰ ਏਨਾ ਕਮਾਇਆ ਨਹੀਂ, ਜਿੰਨਾ ਉਹਨਾਂ ਦਾਨ ਕੀਤਾ ਸੀ। ਏਸੇ ਕਰਕੇ ਜਦ ਉਹ ਸੱਠਾਂ ਤੋਂ ਟੱਪ ਗਏ ਤਾਂ ਮੈਨੂੰ ਉਹਨਾਂ 'ਤੇ ਪਿਆਰ ਆਉਣ ਲੱਗ ਪਿਆ ਸੀ। ਮੈਂ ਉਹਨਾਂ ਦੀਆਂ ਸਭ ਵਧੀਕੀਆਂ ਭੁੱਲ ਗਿਆ ਸੀ। ਮੈਂ ਏਨਾ ਸੱਚਾ ਬੰਦਾ ਹੋਰ ਕੋਈ ਨਹੀਂ ਦੇਖਿਆ। ਬੀਬੀ ਹਿੰਦੀ ਚੰਗੀ ਪੜੀ ਹੋਈ ਸੀ। ਉਰਦੂ ਦੀ ਚਿੱਠੀ ਪੜ ਲੈਂਦੀ ਸੀ। ਉਹਨੇ ਜਸਵੰਤ ਸਿੰਘ ਟੋਹਾਣਵੀਦੀ ਰਾਮਾਇਣ ਤੇ ਮਹਾਂਭਾਰਤ ਸਾਰੀ ਨਾਟਕੀ ਰੂਪ 'ਚ ਮੈਨੂੰ ਸੁਣਾਈ ਸੀ। ਤਦ ਦੇ ਇਹ ਗ੍ਰੰਥ

ਮੇਰੇ ਅੰਦਰ ਨੇ। ਬਾਪ ਦੀ ਅਲਮਾਰੀ ਪੁਸਤਕਾਂ ਨਾਲ ਭਰੀ ਪਈ ਰਹਿੰਦੀ ਸੀ। ਚਾਰੇ ਵੇਦਾਂ ਦਾ ਹਿੰਦੀ ਅਨੁਵਾਦ ਸੀ। ਕੁਝ ਉਹਨਾਂ ਧੱਕੇ ਨਾਲ ਪੜ੍ਹਾਈਆਂ ਸਨ ਤੇ ਕੁਝ ਮੈਂ ਸ਼ੌਂਕ ਨਾਲ ਪੜ੍ਹੀਆਂ ਸਨ। ਧਰਮ ਅਤੇ ਵਿਦਰੋਹ ਨਾਲ ਭਰਿਆ ਸੰਸਾਰ ਲੈ ਕੇ ਮੈਂ ਜਲੰਧਰ ਆਇਆ ਸੀ।

**ਜਿੰਦਰ:**-ਉਦੋਂ ਜਲੰਧਰ ਕਿਹੋ ਜਿਹਾ ਲੱਗਾ ਸੀ। ਕੀ ਤੁਸੀਂ ਜਲੰਧਰ ਆ ਕੇ ਲਿਖਣਾ ਸ਼ੁਰੂ ਕੀਤਾ ਸੀ। ਇਥੋਂ ਦਾ ਸਾਹਤਿਕ ਮਾਹੌਲ ਕਿਹੋ ਜਿਹਾ ਸੀ?

**ਪ੍ਰੇਮ ਪ੍ਰਕਾਸ਼:**-ਪੰਜ- ਛੇ ਕੁ ਮਹੀਨਿਆਂ ਬਾਅਦ ਮੈਨੂੰ ਤਨਖਾਹ ਮਿਲਣ ਲੱਗੀ ਸੀ। ਮੈਂ ਛੜਾ ਸੀ। ਚੌਂਕ ਸੂਦਾਂ 'ਚ ਬਣੀ ਬਾਹਰੀ ਮਾਰਕੀਟ ਦੇ ਉੱਪਰ ਬਣੇ ਕਮਰੇ 'ਚ ਰਿਹਾ ਸੀ। ਉਥੇ ਸਭ ਛੜੇ ਸਨ। ਉਥੇ ਮੈਨੂੰ ਗੁਰਬਚਨ ਸਿੰਘ ਚੌਂਧਰੀ ਮਿਲਿਆ। ਉਹ ਉਰਦੂ ਤੇ ਪੰਜਾਬੀ 'ਚ ਸਭ ਕੁਝ ਲਿਖਦਾ ਸੀ। ਉਹਦੇ ਕਹਿਣ ਤੇ ਮੈਂ ਗਿਆਨੀ ਕੀਤੀ। ਉਥੇ ਗਿਆਨੀ ਹੀਰਾ ਸਿੰਘ ਦਰਦ ਮਿਲੇ। ਜਸਵੰਤ ਸਿੰਘ ਵਿਰਦੀ ਤੇ ਗੁਰਦਰਸ਼ਨ ਸਿੰਘ (ਮਹਿਰਮ ਯਾਰ) ਵੀ ਉਥੇ ਹੀ ਮਿਲੇ। ਉਹਨਾਂ ਦੀ ਸੰਗਤ ਕਰ ਕੇ ਹੀ ਮੈਂ ਇੱਕ ਕਹਾਣੀ ਲਿਖੀ। ਉਦੋਂ ਪ੍ਰੋ. ਮੋਹਨ ਸਿੰਘ ਅੰਬਰਸਰੋਂ ਉਠ ਕੇ ਜਲੰਧਰ ਆ ਗਏ ਸੀ। ਉਹਨਾਂ ਲੇਖਕਾਂ ਦੀ ਮੀਟਿੰਗ ਬੁਲਾਈ। ਮੈਂ ਕੰਬਦਿਆਂ ਕਹਾਣੀ ਪੜ੍ਹੀ ਸੀ । ਫਿਕਰ ਤੌਂਸਵੀ ਤੇ ਮੋਹਨ ਸਿੰਘ ਨੇ ਚੰਗੀ ਵੀ ਕਿਹਾ ਸੀ ਤੇ ਨਸੀਹਤਾਂ ਵੀ ਦਿੱਤੀਆਂ। ਫੇਰ ਲੇਖਕਾਂ ਦੀਆਂ ਮੀਟਿੰਗਾਂ ਫੁਲਵਾੜੀ ਗਿਆਨੀ ਕਾਲਿਜ 'ਚ ਹੋਣ ਲੱਗੀਆਂ ਸਨ। ਜਿਥੇ ਇੱਕ ਪਾਸੇ ਅਗਾਂਹ–ਵਧੂ ਗਰੁੱਪ ਬੈਠਦਾ ਸੀ। ਜਿਸ ਦਾ ਨੇਤਾ ਸੁਰਜਨ ਜ਼ੀਰਵੀ ਸੀ। ਵਿਰੋਧੀ ਗਰੁੱਪ 'ਚ ਤਿੰਨ ਪੱਤਰਕਾਰ ਬਾਬਾ ਬਨੂਆਣਾ, ਪਿਆਰਾ ਸਿੰਘ ਭੋਗਲ ਤੇ ਗਿ. ਹਰਭਜਨ ਸਿੰਘ ਹੁੰਦੇ ਸੀ। ਬਹਿਸ ਅੱਜ ਨਾਲੋਂ ਵੀ ਭੈੜੀ ਹੁੰਦੀ ਸੀ। ਬੱਸ ਅੰਨੇਵਾਹ ਅਗਾਂਹ ਵਧੂ ਸਾਹਿਤ ਰਚਿਆ ਜਾਂਦਾ ਸੀ । ਕਮਿਉਨਿਸਟ ਪਾਰਟੀ ਨੇ ਲੇਖਕਾਂ ਦਾ ਵੀ ਇੱਕ ਸੈਲ ਬਣਾਇਆ ਹੋਇਆ ਸੀ। ਮੈਨੂੰ ਵੀ ਬੁਲਾਇਆ ਸੀ। ਕਾ. ਅਨੰਦ ਨੇ ਮਾਰਕਸਵਾਦ ਦੀ ਬੈਟਰੀ ਜਗਾ ਕੇ ਵਿਖਾਈ ਸੀ। ਮੈਂ ਨਵੀਂ ਸਭਾ ਦੀ ਮੈਂਬਰੀ ਤੋਂ ਅਸਤੀਫਾ ਦੇ ਦਿੱਤਾ ਸੀ। ਮੁੜ ਕਿਸੇ ਨਾਲ ਨਹੀਂ ਟੁਰਿਆ। ਮੈਨੂੰ ਕਾ. ਜੋਸ਼ ਸਾਹਿਤ ਬਾਰੇ ਕਦੇ ਅਕਲ ਦੀ ਗੱਲ ਕਰਦੇ ਨਹੀਂ ਸੀ ਲੱਗਦੇ। ਲੇਖਕਾਂ ਦੇ ਫੈਸਲੇ ਨਵੇਂ ਜ਼ਮਾਨੇ ਜਾਂ ਪਾਰਟੀ ਦਫ਼ਤਰ

'ਚ ਹੁੰਦੇ ਸਨ। ਪਹਿਲਾਂ ਅਸੀਂ ਪਲਾਜ਼ਾ 'ਚ ਬੈਠਦੇ ਸੀ। ਫੇਰ ਖਿੰਡ ਗਏ। ਫੇਰ ਕਾਫ਼ੀ ਹਾਊਸ ਨੇ ਜੋੜ ਦਿੱਤੇ। ਉਦੋਂ ਅਸੀਂ ਅੱਜ ਦੇ ਨੌਜਵਾਨ ਵਾਂਗ ਹੀ ਲੜਦੇ ਭਿੜਦੇ ਰਹਿੰਦੇ ਸੀ। ਮੈਂ ਬਹੁਤਾ ਖਿਝਿਆ ਰਹਿੰਦਾ ਸੀ। ਲੜਦਾ ਰਹਿੰਦਾ ਸੀ। ਮੈਨੂੰ ਬਹੁਤਿਆਂ ਮਾਰਕਸਵਾਦੀਆਂ ਦੀ ਸੋਚ ਨਾਲ ਤੁਰਨਾ ਜਬਰ ਲੱਗਦਾ ਸੀ। ਮੈਂ ਸਾਰੀ ਉਮਰ ਬੈਠਿਆ ਉਠਿਆ ਮਾਰਕਸਵਾਦੀਆਂ ਨਾਲ, ਪਰ ਲਿਖਦਾ ਉਨਾਂ ਦੀ ਸੋਚ ਤੋਂ ਟੁੱਟ ਕੇ ਰਿਹਾ। ਕੋਈ ਕੁਝ ਵੀ ਲਿਖਦਾ, ਇੱਕ ਦੂਜੇ ਨੂੰ ਸੁਣਾਂਦੇ ਤੇ ਬਹਿਸ ਕਰਦੇ ਰਹਿੰਦੇ ਸੀ। ਉਦੋਂ ਵੀ ਇਵੇਂ ਹੀ ਸੀ ਕਿ ਸਭਾਵਾਂ ਦੇ ਬਹੁਤ ਅਹੁਦੇਦਾਰ ਗੈਰ–ਸਾਹਿਤਕਾਰ ਜਾਂ ਪੱਤਰਕਾਰ ਹੁੰਦੇ ਸੀ। ਜਲੰਧਰ ਪੱਤਰਕਾਰਾਂ ਦਾ ਗੜ ਰਿਹਾ ਏ।

**ਜਿੰਦਰ**:-ਤੁਹਾਡੀਆਂ ਅਨੇਕਾਂ ਕਹਾਣੀਆਂ 'ਚ ਮਰਦ ਔਰਤ ਦੇ, ਖਾਸ ਕਰਕੇ ਪਤੀ-ਪਤਨੀ ਦੇ ਆਪਸੀ ਸੰਬੰਧ ਟੁੱਟਦੇ ਹਨ। ਕੀ ਇਸ ਪਿਛੇ ਕੋਈ ਖਾਸ ਕਾਰਨ ਹੈ?

**ਪ੍ਰੇਮ ਪ੍ਰਕਾਸ਼:**-ਨਹੀਂ ਇੰਜ ਨਹੀਂ ਏ। ਇਹ ਕੁਝ ਕੁ ਕਹਾਣੀਆਂ 'ਚ ਹੋਇਆ ਏ। ਖਾਸ ਕਰ ਕੇ 'ਮੁਕਤੀ–1' ਤੇ 'ਮੁਕਤੀ –2'. ਵਿੱਚ। 'ਟੈਲੀਫੋਨ ਤੇ 'ਸ਼ਵੇਤਾਂਬਰ ਨੇ ਕਿਹਾ ਸੀ' ਵਿੱਚ ਪਤਨੀਆਂ ਹੋਰਾਂ ਮਰਦਾਂ ਨਾਲ ਦੋਸਤੀਆਂ ਤਾਂ ਕਰਦੀਆਂ ਨੇ ਪਰ ਪਤੀਆਂ ਤੋਂ ਤੋੜ–ਵਿਛੋੜਾ ਆਪ ਚਾਹ ਕੇ ਨਹੀਂ ਕਰਦੀਆਂ। ਉਂਜ ਵੀ ਮੈਨੂੰ ਏਸ ਕੌੜੇ ਸੰਬੰਧ ਬਾਰੇ ਅਨੁਭਵ ਬਹੁਤ ਘੱਟ ਏ। ਪਤੀ ਪਤਨੀ ਦੇ ਝਗੜੇ ਨੂੰ ਮੈਂ ਬਹੁਤ ਨੇੜਿਓ ਵੀ ਨਹੀਂ ਦੇਖਿਆ। ਸੁਣੇ ਅਨੁਭਵ ਨੇ।

**ਜਿੰਦਰ**:- ਕਹਾਣੀ 'ਚ ਅਨੁਭਵ, ਕਲਪਨਾ ਤੇ ਯਥਾਰਥ ਦਾ ਕਿੰਨਾ ਕੁ ਸੁਮੇਲ ਹੁੰਦਾ ਹੈ?

**ਪ੍ਰੇਮ ਪ੍ਰਕਾਸ਼**:-ਮੈਂ ਆਪਣੀ ਕਲਾ ਦੀ ਗੱਲ ਦੱਸਦਾ ਹਾਂ। ਜਦ ਕਹਾਣੀ ਰਚੀ ਜਾ ਰਹੀ ਹੁੰਦੀ ਏ ਤਾਂ ਉਹ ਅਨਭੂਤੀਆਂ ਦੇ ਟੋਟਿਆਂ ਤੇ ਉਸਰਦੀਆਂ ਘਟਨਾਵਾਂ ਦੇ ਟੁਕੜੇ ਹੁੰਦੇ ਨੇ। ਕਿਸੇ ਨਿੱਕੇ ਜਿਹੇ ਅਨੁਭਵ ਨੂੰ ਕਲਪਨਾ ਫੈਲਾ ਕੇ ਕਿਤੇ ਦਾ ਕਿਤੇ ਲੈ ਜਾਂਦੀ ਏ। ਪਰ ਉਸ ਫੈਲਾਅ 'ਚ ਵੀ ਅਨੁਭਵਾਂ ਦੇ ਕਣ ਹੁੰਦੇ ਨੇ। ਉਹ ਕਿੰਨੇ ਹੀ ਰੂਪ ਵਟਾਂਦੇ-ਵਟਾਂਦੇ ਕੁਝ ਦਾ ਕੁਝ ਬਣ ਜਾਂਦੇ ਨੇ। ਕਈ ਵਾਰੀ ਤਾਂ ਮੈਨੂੰ ਵੀ ਪਤਾ ਨਹੀਂ ਲੱਗਦਾ ਕਿ ਉਹ ਗੱਲ ਕਿੱਥੋਂ ਆ ਜੁੜੀ। ਹੋ ਸਕਦਾ ਏ ਕਿ ਕੋਈ ਦੇਖੀ, ਸੁਣੀ ਜਾਂ ਪੜੀ ਘਟਨਾ ਵੀਹ ਤੀਹ ਸਾਲ ਪਹਿਲਾਂ ਦੀ ਅਵਚੇਤਨ ਮਨ 'ਚ ਕਿਤੇ ਪਈ ਅਚਾਨਕ ਜਾਗ ਕੇ ਅੱਗੇ ਆ ਗਈ ਹੋਵੇ। ਉਹ ਕਹਾਣੀ ਦੇ ਸੰਗਠਨ

'ਚ ਇੱਕ ਹਿੱਸਾ ਬਣ ਗਈ ਹੋਵੇ। ਪਰ ਮੈਂ ਉਹਨਾਂ ਸਾਰੇ ਟੋਟਿਆਂ ਨੂੰ ਪਛਾਣ ਨਹੀਂ ਰਿਹਾ ਹੁੰਦਾ। ਫੇਰ ਅਨੁਭਵਾਂ ਦੇ ਵਿੱਚ ਅਨੁਭਵ ਵੜ ਜਾਂਦੇ ਨੇ। ਕਿਸੇ ਇੱਕ ਦੀ ਆਪਣੀ ਸ਼ਨਾਖਤ ਨਹੀਂ ਰਹਿੰਦੀ। ਸੰਪੂਰਨ ਕਹਾਣੀ ਨੂੰ ਏਨੇ ਅਣੂਆਂ 'ਚ ਤੋੜ ਕੇ ਕੌਣ ਦੇਖ ਸਕਦਾ ਏ। ਕਿਉਂਕਿ ਉਹ ਕਹਾਣੀ ਕਿਹੜਾ ਆਪਣੇ ਜਤਨਾਂ ਨਾਲ ਅਨੁਭਵ ਜੋੜ ਜੋੜ ਕੇ ਲਿਖੀ ਗਈ ਹੁੰਦੀ ਏ। ਉਹ ਤਾਂ ਕਿਸੇ ਰਹੱਸ ਭਰੇ ਤਰੀਕੇ ਨਾਲ ਆਪਣੇ ਆਪ ਜੁੜ ਜਾਂਦੀ ਏ। ਏਸ ਜੁੜਾਈ 'ਚ ਲੇਖਕ ਦੀ ਨੀਅਤ ਤੇ ਚਿੰਤਨ ਦਾ ਹਿੱਸਾ ਜ਼ਰੂਰ ਹੁੰਦਾ ਏ। ਮੈਂ ਇਹ ਮੰਨਦਾ ਹਾਂ ਕਿ ਮੈਂ ਕਹਾਣੀ ਨਹੀਂ ਲਿਖਦਾ, ਕਹਾਣੀ ਮੈਥੋਂ ਲਿਖ ਹੋ ਜਾਂਦੀ ਏ।

**ਜਿੰਦਰ:**- ਤੁਸੀਂ ਪੇਂਡੂ ਮਾਹੌਲ ਤੋਂ ਆਏ। ਪਰ ਤੁਹਾਡੇ ਕਥਾ ਸੰਸਾਰ ਤੋਂ ਪਿੰਡ ਗਾਇਬ ਹੈ।

**ਪ੍ਰੇਮ ਪ੍ਰਕਾਸ਼:**- ਤੂੰ ਸ਼ਾਇਦ ਧਿਆਨ ਨਾਲ ਨਹੀਂ ਪੜੀਆਂ ਹੋਣੀਆਂ ਮੇਰੀਆਂ ਸਾਰੀਆਂ ਕਹਾਣੀਆਂ। ਜਾਂ ਇਹ ਵੀ ਹੋ ਸਕਦੈ ਕਿ ਤੂੰ ਕਹਾਣੀ ਪੜਦਾ ਹੋਇਆ ਕਹਾਣੀ ਦੇ ਘਟਨਾ ਸਥਾਨ ਤੇ ਪਾਤਰਾਂ ਨੂੰ ਜਲੰਧਰ ਦੇ ਘਰਾਂ 'ਚ ਚਿਤਵ ਲੈਂਦਾ ਹੋਵੇ ਜਾਂ ਪਿੰਡ ਦੀ ਕਹਾਣੀ ਤੂੰ ਉਸੇ ਨੂੰ ਸਮਝਦਾ ਹੋਵੇ, ਜੀਹਦੇ ਵਿੱਚ ਖੂਹ, ਖੱਤਿਆਂ, ਕਿਸਾਨ ਤੇ ਕੰਮੀਆਂ ਦਾ ਜ਼ਿਕਰ ਹੋਵੇ। ਮੈਂ ਆਪਣੇ ਬਾਰੇ ਦੱਸ ਦਿਆਂ ਕਿ ਮੈਂ ਜੰਮਿਆ ਖੰਨੇ, ਚਾਰ ਜਮਾਤਾਂ ਭਾਦਸੋਂ ਪੜਿਆਂ (ਜਿਹੜਾ ਵੱਡਾ ਪਿੰਡ ਏ), ਫੇਰ ਖੰਨੇ ਆਪਣੇ ਘਰ ਰਿਹਾ। ਖੰਨਾ ਕਸਬਿਆਂ ਨਾਲੋਂ ਵੱਡਾ ਸ਼ਹਿਰ ਏ। ਬਹੁਤੇ ਲੋਕ ਪੜੇ ਲਿਖੇ ਤੇ ਖਾਂਦੇ ਪੀਂਦੇ ਨੇ। 1950 ਤੋਂ 1953 ਤੱਕ ਮੈਂ ਪਿੰਡ ਬਡਗੁਜਰਾਂ ਖੇਤੀ ਕੀਤੀ ਸੀ। ਹੁਣ ਮੇਰੇ ਅਨੁਭਵ ਨਿੱਕੇ ਪਿੰਡ ਦੇ ਨਾਲ ਵੱਡੇ ਪਿੰਡ, ਸ਼ਹਿਰਨੁਮਾ ਕਸਬੇ ਤੇ ਫੇਰ ਜਲੰਧਰ ਸ਼ਹਿਰ ਤੇ ਫੇਰੇ ਮੇਰੀ ਕਲਪਨਾ ਦੇ ਸ਼ਹਿਰ ਦੇ ਨੇ। ਮੈਂ ਇਹਨਾਂ ਸਾਰੇ ਮਾਹੌਲਾਂ ਨੂੰ ਨਾਲ ਲਈ ਫਿਰਦਾ ਹਾਂ। ਪਿੰਡ ਨਾਲ ਏਸ ਲਈ ਜੁੜਿਆ ਰਿਹਾ ਕਿ ਉਥੇ ਮੇਰੇ ਮਾਪੇ ਤੇ ਜ਼ਮੀਨ ਸੀ। ਖੰਨੇ ਨਾਲ ਏਸ ਲਈ ਕਿ ਉਥੇ ਮੇਰੇ ਭਾਈ, ਚਾਚਾ ਤੇ ਜੱਦੀ ਘਰ ਸੀ। ਮੇਰੇ ਅੰਦਰ ਹਾਲੇ ਵੀ ਇਹ ਸਾਰੇ ਰੂਪ ਨੇ। ਮੈਂ ਪਹਿਲਾਂ ਕਹਾਣੀ 'ਉਪਤ ਖੁਪਤ' ਨਾਂ ਦੀ ਲਿਖੀ, ਜਿਹੜੀ ਪਿੰਡ ਦੇ ਜੱਟਾਂ ਵੱਲੋਂ ਵਿਹੜੇ ਵਾਲਿਆਂ ਦੀ ਨਾਕਾਬੰਦੀ ਕਰਨ ਬਾਰੇ ਸੀ। ਫੇਰ ਹੋਰ ਕਈ ਕਹਾਣੀਆਂ ਲਿਖੀਆਂ। ਉਹ ਅਭਿਆਸ ਦਾ ਸਮਾਂ ਸੀ। ਮੈਂ ਕਈ ਕਹਾਣੀਆਂ ਗੁਆ ਦਿੱਤੀਆਂ। ਫੇਰ ਵੀ ਕੁਝ ਕਹਾਣੀਆਂ ਦੇ ਨਾਉਂ ਦੱਸਦਾ ਹਾਂ – 'ਬਾਪੂ', 'ਕਾਨੀ', 'ਕੰਡਲੀ',

'ਸਤਵੰਤੀ', 'ਰੁਕਮਣੀ', 'ਗੜ੍ਹੀ', 'ਅਰਜਨ ਛੇਡ ਗਡੀਰਨਾ', 'ਕੋਠੀ ਵਾਲੀ', 'ਕਪਾਲ ਕਿਰਿਆ', 'ਜੜ ਹਰੀ', 'ਸੁਰਖਰੂ', 'ਨਾਵਲ ਦਾ ਮੁੱਢ', 'ਏਸ ਜਨਮ 'ਚ', 'ਫੈਸਲਾ', 'ਬੇਵਤਨ', 'ਸ਼ੀਂਹ ਤੇ ਅਮਲਤਾਸ', 'ਤਪੀਆ', 'ਟਾਕੀ', 'ਕੀੜੇ ਦਾ ਰਿਜ਼ਕ', 'ਮੁਰੱਬਿਆਂ ਵਾਲੀ', ਵਗੈਰਾ ਵਗੈਰਾ। ਇਹ ਪਿੰਡ ਦੀਆਂ ਨੇ।

**ਜਿੰਦਰ:**- ਇਨ੍ਹਾਂ ਕਲਪਨਾ ਦੇ ਸ਼ਹਿਰਾਂ ਬਾਰੇ ਖੁੱਲ ਕੇ ਦੱਸੋ ਤਾਂ?

**ਪ੍ਰੇਮ ਪ੍ਰਕਾਸ਼:**-ਸ਼ਹਿਰ ਹਮੇਸ਼ਾ ਤਬਦੀਲੀ ਦੇ ਸਥਾਨ ਹੁੰਦੇ ਨੇ। ਗਿਆਨ, ਸੰਸਕ੍ਰਿਤੀ, ਚਿੰਤਨ ਤੇ ਵਿਹਾਰ ਪਹਿਲਾਂ ਸ਼ਹਿਰਾਂ 'ਚ ਬਦਲਦੇ ਨੇ। ਉਹ ਤਬਦੀਲੀ ਹੋਰ ਵੱਡੇ–ਵੱਡੇ ਸ਼ਹਿਰਾਂ ਤੋਂ ਆਈ ਹੁੰਦੀ ਏ, ਜਿਹੜੇ ਮਹਾਂਨਗਰ ਕਹੇ ਜਾਂਦੇ ਨੇ। ਉਹ ਤਬਦੀਲੀ ਵੀ ਪਹਿਲਾਂ ਖਾਸ ਪੜ੍ਹੇ ਲਿਖੇ ਤੇ ਖਾਂਦੇ ਪੀਂਦੇ ਵਰਗ 'ਚ ਆਉਂਦੀ ਏ। ਹਰ ਸ਼ਹਿਰ 'ਚ ਹਰ ਵਰਗ ਦੇ ਤੇ ਸਮੇਂ ਦੇ ਬੰਦੇ ਰਹਿੰਦੇ ਨੇ। ਕਹਾਣੀਆਂ 'ਚ ਮੇਰੇ ਪੇਂਡੂ ਪਾਤਰ ਸ਼ਹਿਰ ਆਉਂਦੇ ਨੇ ਤਾਂ ਇੱਕੋ ਟੱਬਰ 'ਚ ਟਕਰਾਓ ਹੋ ਜਾਂਦਾ ਏ। ਕਈ ਕਹਾਣੀਆਂ ਦੇ ਪਾਤਰ ਜਲੰਧਰ 'ਚ ਫਿਟ ਹੁੰਦੇ ਨੇ ਪਰ ਕਦੇ ਕਦੇ ਮੈਨੂੰ ਲੱਗਦਾ ਏ ਕਿ ਮੈਂ ਮਾਹੌਲ (ਥਾਂ) ਬਦਲ ਦਿਆਂ। ਮੈਂ ਉਹਨੂੰ ਚੰਡੀਗੜ੍ਹ ਜਾ ਦਿੱਲੀ 'ਚ ਫਿਟ ਕਰ ਲੈਂਦਾ ਹਾਂ। ਜਾਂ ਆਪਣੀ ਕਲਪਨਾ ਦਾ ਵੀ ਇੱਕ ਸ਼ਹਿਰ ਵਸਾ ਲੈਂਦਾ ਹਾਂ। ਉਹਦਾ ਨਕਸ਼ਾ ਬਣਾਉਂਦਾ ਹਾਂ। ਉਹਦੇ ਨਗਰਾਂ ਦੇ ਨਾਂ ਰੱਖਦਾ ਹਾਂ । ਪਾਤਰਾਂ ਦੇ ਘਰਾਂ ਦੇ ਵੀ ਨਕਸ਼ੇ ਬਣਾਉਂਦਾ ਹਾਂ। ਮੈਂ ਜਾਣ ਕੇ ਸ਼ਹਿਰ ਦਾ ਨਾਂ ਬਦਲਦਾ ਹਾਂ। ਜ਼ਰੂਰੀ ਨਹੀਂ ਕਿ ਜਲੰਧਰ ਜਿਹੜਾ ਅੱਜ ਏ, ਉਹ ਵੀਹ ਸਾਲਾਂ ਬਾਅਦ ਵੀ ਹੋਵੇ। ਮੇਰੇ ਵਾਂਗ ਮੇਰੇ ਪਾਤਰ ਵੀ ਆਪਣੀ ਕਲਪਨਾ ਦਾ ਸ਼ਹਿਰ ਤੇ ਘਰ ਬਣਾਉਂਦੇ ਹਨ। ਉਹ ਵੀ ਕਲਪਨਾ 'ਚ ਪਾਤਰਾਂ ਦੀਆਂ ਗਤੀਵਿਧੀਆਂ ਦੇਖਦੇ ਨੇ।

**ਜਿੰਦਰ:**-ਫਰਾਇਡ ਕਹਿੰਦਾ ਹੈ ਕਿ ਕਿਸੇ ਵੀ ਆਦਮੀ ਦਾ ਵਿਅਕਤੀਤਵ 12–14 ਸਾਲ ਦੀ ਉਮਰ 'ਚ ਹੀ ਉਸਰ ਜਾਂਦਾ ਹੈ ਜਦੋਂ ਕਿ ਅਮਰੀਕਨ ਫਿਲਾਸਫਰ ਹਾਰਲੋਕ ਨੇ ਆਪਣੀ ਪੁਸਤਕ Development of Psychology 'ਚ ਇਹ ਉਮਰ 20–25 ਸਾਲ ਦੀ ਮੰਨੀ ਹੈ। ਕੀ ਤੁਸੀਂ ਇਸ ਨਾਲ ਸਹਿਮਤ ਹੋ? ਕੀ ਤੁਸੀਂ ਇਸ ਉਮਰ 'ਚ ਔਰਤਾਂ ਪ੍ਰਤੀ ਉਲਾਰ

ਹੋਏ ਸੀ। ਮੇਰੇ ਪੁੱਛਣ ਦਾ ਭਾਵ ਇਹ ਹੈ ਕਿ ਤਹਾਡੇ Subconscious mind 'ਚ ਔਰਤ ਦਾ ਸੰਕਲਪ ਉਦੋਂ ਤਾਂ ਪੈਦਾ ਨਹੀਂ ਹੋ ਗਿਆ ਸੀ?

**ਪ੍ਰੇਮ ਪ੍ਰਕਾਸ਼:**-ਮੈਂ ਸਮਝਦਾ ਹਾਂ ਕਿ ਬੰਦੇ ਦਾ ਵਿਅਕਤੀਤਵ ਗਰਭ 'ਚ ਹੀ ਬਨਣ ਲੱਗ ਪੈਂਦਾ ਏ। ਗਰਭ 'ਚ ਜਾਂਦਿਆਂ ਵੀ ਉਹ ਆਪਣੇ ਨਾਲ ਸੰਸਕਾਰ (ਜੀਨਜ਼) ਲੈ ਕੇ ਜਾਂਦਾ ਏ। ਇਹ ਸੰਸਕਾਰ ਪਿਛਲੀਆਂ ਕਈ ਪੀੜੀਆਂ ਦੇ ਹੁੰਦੇ ਨੇ। ਇਸੇ ਲਈ ਬ੍ਰਾਹਮਣ ਖੱਤਰੀ ਕੋਲ ਅੱਖਰ ਗਿਆਨ ਸੰਸਕਾਰ ਵਜੋਂ ਮਿਲਿਆ ਹੁੰਦਾ ਏ। ਫੇਰ ਵਿਅਕਤੀ ਦਾ ਮਾਹੌਲ, ਵਸਤਾਂ, ਸੋਚਾਂ ਨਾਲ ਟਕਰਾਓ ਉਹਦੇ ਸੰਸਕਾਰਾਂ ਨੂੰ ਤੋੜਦਾ, ਭੰਨਦਾ ਤੇ ਘੜਦਾ ਰਹਿੰਦਾ ਏ।

**ਜਿੰਦਰ:**-ਇਹ ਔਰਤ ਕੀ ਹੈ?

**ਪ੍ਰੇਮ ਪ੍ਰਕਾਸ਼:**- ਔਰਤ ਸਾਡੀ ਮਾਂ ਏ। ਸਭ ਤੋਂ ਪਹਿਲਾਂ ਵਾਸਤਾ ਉਸੇ ਨਾਲ ਪੈਂਦਾ ਏ। ਫੇਰ ਭੈਣ ਏ, ਫੇਰ ਧੀ ਏ। ਫੇਰ ਪਰ ਨਾਰੀ ਏ। ਪਤਨੀ ਏ। ਮਹਿਬੂਬਾ ਏ।— ਅੱਗੇ ਹਰੇਕ ਬੰਦੇ ਦੀ ਆਪਣੀ ਪਹੁੰਚ ਏ ਕਿ ਉਹ ਔਰਤ ਨੂੰ ਕਿਸ ਰੂਪ 'ਚ ਦੇਖਦਾ ਏ। ਜਿਵੇਂ ਮਰਦ ਦੀ ਨਜ਼ਰ ਬਦਲਦੀ ਏ, ਉਵੇ ਔਰਤ ਦੇ ਰੂਪ ਵੀ ਬਦਲਦੇ ਰਹਿੰਦੇ ਨੇ। ਕਦੇ ਉਹ ਵੈਸ਼ਿਆ ਵੀ ਹੁੰਦੀ ਏ ਤੇ ਕਦੇ ਦੇਵੀ ਵੀ। ਉਹ ਦੁਰਗਾ, ਲਕਸ਼ਮੀ, ਸਰਸਵਤੀ, ਚੰਡੀ, ਕਈ ਰੂਪਾਂ 'ਚ ਸਾਨੂੰ ਦਿੱਸਦੀ ਏ। ਏਨੇ ਹੀ ਰੂਪ ਮਰਦ-ਇਸਤ੍ਰੀ ਨੂੰ ਸਮਝਣ ਦੇ ਚੱਕਰ 'ਚ ਹੈ ਤੇ ਇਸਤ੍ਰੀ ਮਰਦ ਨੂੰ। ਦੋਹਾਂ ਦਾ ਮਨੋਰਥ ਇੱਕ ਦੂਜੇ ਦੀਆਂ ਸ਼ਕਤੀਆਂ ਕਮਜ਼ੋਰੀਆਂ ਨੂੰ ਸਮਝਣਾ ਤੇ ਫੇਰ ਵਰਤਣਾ ਏ। ਪੰਜਾਬੀ ਸਾਹਿਤ 'ਚ ਔਰਤ ਨੂੰ ਸਮਝਣਾ ਤੇ ਉਹਦੇ ਬਾਰੇ ਲਿਖਣਾ ਬਹੁਤਾ ਚੰਗਾ ਨਹੀਂ ਸਮਝਿਆ ਗਿਆ। ਪਰ ਮੈਂ ਤਾਂ ਸ਼ੁਰੂ ਤੋਂ ਈ ਲਿਖ ਰਿਹਾਂ। ਮੇਰੀ ਪਹਿਲੀ ਪੁਸਤਕ 'ਕੱਚਕੜੇ' 'ਚ ਵੀ ਅਜਿਹੀਆਂ ਕਹਾਣੀਆਂ ਮਿਲਣਗੀਆਂ।

**ਜਿੰਦਰ:**-ਤੁਸੀਂ ਇੱਕ ਪਾਸੇ ਸਾਧਾਂ, ਸੰਤਾਂ ਨੂੰ ਦੁਰਕਾਰਦੇ ਹੋ, ਇੱਕ ਵਿਗਿਆਨਕ ਸੋਚ ਵਾਲੇ ਵਿਅਕਤੀ ਵਾਂਗ। ਦੂਜੇ ਪਾਸੇ ਤੁਹਾਨੂੰ ਭਗਵੇਂ ਕੱਪੜੇ ਖਿੱਚਦੇ ਹਨ। ਤੁਸੀਂ ਕਈ ਸਾਲ ਐਦਾਂ ਦਾ ਬਾਣਾ ਪਾਉਂਦੇ ਰਹੇ ਹੋ। ਇਹ ਸ੍ਵੈ–ਵਿਰੋਧ ਅਚਨਚੇਤ ਸਿਰਜਿਆ ਗਿਆ ਹੈ ਜਾਂ ਜਾਣ–ਬੁੱਝ ਕੇ?

**ਪ੍ਰੇਮ ਪ੍ਰਕਾਸ਼:**-ਮੇਰਾ ਖਿਆਲ ਏ ਕਿ ਵਿਗਿਆਨਕ ਸੋਚ ਨਾਲ ਬੰਦੇ ਨੂੰ ਸਮਝਿਆ ਨਹੀਂ ਜਾ ਸਕਦਾ। ਪਿਛਲੇ ਸਮੇਂ 'ਚ ਮਾਰਕਸਵਾਦੀ ਲਾਲ ਬੁਝਕੜਾਂ ਨੇ ਇਹੋ ਜਿਹੇ ਦਾਅਵੇ ਕੀਤੇ ਸੀ। ਜਿਹੜੇ ਗਲਤ ਨਿਕਲੇ। ਮੈਂ ਸਾਧਾਂ ਸੰਤਾਂ ਨੂੰ ਹੁਣ ਵੀ ਠੀਕ ਨਹੀਂ ਸਮਝਦਾ। ਉਹਨਾਂ ਵਿਹਲੜਾਂ ਨਾਲ ਸਾਡੀ ਆਰਥਿਕਤਾ ਵਿਗੜਦੀ ਏ। ਪਰ ਮੈਂ ਇਹ ਵੀ ਮੰਨਦਾ ਹਾਂ ਕਿ ਗੁਰੂ, ਆਚਾਰੀਆ ਜਾਂ ਸੰਤਾਂ ਦਾ ਵੀ ਸਮਾਜ ਨੂੰ ਸਮਤੋਲ ਰੱਖਣ ਲਈ ਉਹੋ ਜਿਹਾ ਹੀ ਰੋਲ ਏ , ਜਿਹੋ ਜਿਹਾ ਕੋਮਲ ਕਲਾਵਾਂ ਦੀ ਸਿਰਜਨਾ ਤੇ ਸਮਾਜੀ ਸਰਗਰਮੀਆਂ ਦਾ।

ਮੈਂ ਭਗਵੇਂ ਕੱਪੜੇ ਸਿਰਫ ਕਈ ਸਾਲ ਨਹੀਂ, ਵੀਹ ਸਾਲ ਪਾਏ ਹੋਣਗੇ। ਹੁਣ ਕੁਝ ਸਾਲਾਂ ਤੋਂ ਛੱਡੇ ਨੇ ਆਪਣੀ ਪਤਨੀ ਦੇ ਜ਼ੋਰ ਦੇਣ ਤੇ। ਜਦ ਪਾਉਂਦਾ ਸੀ ਤਾਂ ਚੰਗੇ ਲੱਗਦੇ ਸੀ। ਭਗਵੇਂ ਰੰਗ 'ਚ ਬੜੀ ਖਿਚ ਏ ਮੇਰੇ ਲਈ। ਮੈਨੂੰ ਬਚਪਨ 'ਚ ਤੇ ਫੇਰ ਲੜਕਪਨ 'ਚ ਜਦ ਮੈਂ ਬਾਗੀ ਬਣ ਰਿਹਾ ਸੀ, ਤਦ ਵੀ ਸਾਧ ਚੰਗੇ ਲੱਗਦੇ ਸੀ। ਮੈਂ ਉਹਨਾਂ ਦੀ ਸੰਗਤ ਕਰਦਾ ਸੀ। ਇਹ ਰਹੱਸ ਭਰਿਆ ਵਿਰੋਧਾਭਾਸ ਏ ਮੇਰੇ ਚਰਿੱਤਰ 'ਚ। ਇਹ ਕਿਓ ਏ! ਮੈਨੂੰ ਨਹੀਂ ਪਤਾ।

**ਜਿੰਦਰ:**- ਲੇਖਕ ਦੀ ਜ਼ਿੰਦਗੀ 'ਚ ਇੱਕ ਅਜਿਹਾ ਸਮਾਂ ਵੀ ਆਓਦਾ ਹੈ ਜਦੋਂ ਉਹਦੀ ਇੱਕ ਤੋਂ ਇੱਕ ਰਚਨਾ ਦੀ ਭਰਪੂਰ ਚਰਚਾ ਹੁੰਦੀ ਹੈ ਜਿਹੜੀ ਕਿ ਬੜੀ ਦੇਰ ਤੱਕ ਚਲਦੀ ਰਹਿੰਦੀ ਹੈ। ਤੁਹਾਡੇ ਨਾਲ ਵੀ ਅਜਿਹਾ ਹੋਇਆ ਹੈ। ਤੁਹਾਡੀ ਇੱਕ ਤੋਂ ਬਾਦ ਇੱਕ ਕਹਾਣੀ ਹਿੱਟ ਹੁੰਦੀ ਰਹੀ ਹੈ। ਮੁਕਤੀ, ਡੈਡ ਲਾਈਨ, ਸ਼ਵੇਤਾਂਬਰ ਨੇ ਕਿਹਾ ਸੀ, ਕਪਾਲ ਕ੍ਰਿਆ, ਗੋਈ, ਸ਼ੋਲਡਰ ਬੈਗ, ਬਾਪੂ—ਚਲੋ ਛੱਡੋ—ਇਹ ਲਿਸਟ ਲੰਮੀ ਹੋ ਜਾਣੀ ਐ। ਤੁਸੀਂ ਇੱਕ ਵਿੱਥ 'ਤੇ ਖੜੋ ਕੇ ਆਪਣੀਆਂ ਇਨਾਂ ਕਹਾਣੀਆਂ ਨੂੰ ਕਿਵੇਂ ਦੇਖਦੇ ਹੋ?

**ਪ੍ਰੇਮ ਪ੍ਰਕਾਸ਼:**-ਮੇਰੀ ਇੱਕ ਵੀ ਕਹਾਣੀ ਛਪਣ ਸਾਰ ਸਰਾਹੀ ਨਹੀਂ ਗਈ। ਡੈਡ ਲਾਈਨ 'ਸਿਰਜਣਾ' 'ਚ ਛਪੀ ਸੀ ਤਾਂ ਰਘਬੀਰ ਸਿੰਘ ਨੇ ਅਗਲੇ ਅੰਕ 'ਚ ਚਿੱਠੀ ਛਾਪੀ ਸੀ ਕਿ ਇਹ ਕੀ ਬਕਵਾਸ ਕਹਾਣੀ ਛਾਪ ਦਿੱਤੀ। ਉਹਨੂੰ ਆਪ ਦਿਲੋਂ ਪਸੰਦ ਨਹੀਂ ਸੀ। ਸਿੱਕੇਬੰਦ ਮਾਰਕਸਵਾਦੀਆਂ ਨੇ ਬੜਾ ਵਿਰੋਧ ਕੀਤਾ ਸੀ। ਇਹ ਤਾਂ ਹੌਲੀ ਹੌਲੀ ਹਵਾ ਬਦਲੀ, ਕਈ ਸਾਲਾਂ 'ਚ। ਪੱਕੀ ਉਦੋਂ ਹੋਈ ਜਦ ਡਾ. ਹਰਿਭਜਨ ਸਿੰਘ ਨੇ 'ਤੇਰੇ ਨਾਂ ਚਿੱਠੀ' ਛਪਾਈ। ਤੇ ਫੇਰ ਲਿਖੀ 'ਖਾਮੋਸ਼ੀ ਦਾ ਜਜ਼ੀਰਾ'। 'ਸ਼ੋਲਡਰ ਬੈਗ' ਬਾਰੇ ਸੁਰਜੀਤ ਹਾਂਸ ਨੇ ਲਿਖਿਆ

ਤਾਂ ਪਾਠਕਾਂ ਨੂੰ ਪਤਾ ਲੱਗਿਆ। 'ਕਪਾਲ ਕਿਰਿਆ' ਨੂੰ ਹਾਲੇ ਵੀ ਵੱਡੀ ਕਹਾਣੀ ਸਿਰਫ ਡਾ. ਰਾਹੀ ਮੰਨਦਾ ਏ। ਹਿੱਟ ਹੋਣ ਲਈ ਅੱਧੀ ਉਮਰ ਚਾਹੀਦੀ ਏ। ਉਂਜ ਇਹ ਹਿੱਟ ਹੋਣਾ ਬੜਾ ਖਤਰਨਾਕ ਏ। ਇੱਕ ਉਹਨਾਂ ਲਈ ਜਿਨਾਂ ਦਾ ਜਰਨ ਦਾ ਜਿਗਰਾ ਛੋਟਾ ਏ ਤੇ ਦੂਜੇ ਉਹ ਜਿਨਾਂ ਦੀ ਪਹਿਲੀ ਪੁਸਤਕ ਹਿੱਟ ਹੋ ਜਾਂਦੀ ਏ।

**ਜਿੰਦਰ:**-ਆਹ ਕਹਾਣੀ ਕੀ ਹੁੰਦੀ ਹੈ ਤੇ ਕਹਾਣੀਕਾਰ ਕੀ ਹੁੰਦਾ ਹੈ?

**ਪ੍ਰੇਮ ਪ੍ਰਕਾਸ਼:**- ਕਹਾਣੀ ਸਿਰਫ ਗੱਲ ਹੁੰਦੀ ਏ। ਜਦ ਕੋਈ ਬੰਦਾ ਕੋਈ ਨਵਾਂ ਅਨੁਭਵ ਕਰਦਾ ਏ ਤੇ ਉਹਨੂੰ ਆਪਣੀ ਜਾਣ 'ਚ ਉਹ ਅਨੋਖਾ ਲੱਗਦਾ ਏ। ਮਨੱਖ ਵੀ ਸਮਾਜੀ ਪ੍ਰਵਿਰਤੀ ਅਨੁਸਾਰ ਉਹ ਆਪਣਾ ਅਨੁਭਵ ਦੂਜਿਆਂ ਨੂੰ ਦੱਸਦਾ ਏ। ਇਹ ਗੱਲ ਦੱਸਣੀ ਹੀ ਕਹਾਣੀ ਦਾ ਮੁੱਢਲਾ ਰੂਪ ਏ। ਦੂਜਿਆਂ ਦੇ ਲਿਖੇ ਅਨੁਭਵ ਤੇ ਗਿਆਨ ਸ਼ਾਸਤਰ ਪੜਦਾ ਉਹ ਆਪਣੇ ਅਨੁਭਵਾਂ ਨੂੰ ਵੱਧ ਚੰਗੀ ਤਰਤੀਬ 'ਚ ਤੇ ਪ੍ਰਭਾਵਸ਼ਾਲੀ ਬਣਾਉਣ ਦੀ ਕੋਸ਼ਿਸ਼ ਕਰਦਾ ਏ। ਜੇ ਪਾਠਕ ਤੇ ਹੋਰ ਸਿਆਣੇ ਕਹਿੰਦੇ ਨੇ–ਸੁਆਦ ਆ ਗਿਆ –ਇਹ ਗੱਲ ਠੀਕ ਏ, ਤਾਂ ਉਹਨੂੰ ਕਹਾਣੀ ਮੰਨ ਲਿਆ ਜਾਂਦਾ ਏ। ਏਸੇ ਤਰਾਂ ਬੇਅੰਤ ਬੰਦੇ ਬੇਅੰਤ ਅਨੁਭਵ ਦੱਸਦੇ ਲਿਖਦੇ ਨੇ। ਪਾਠਕ ਤਾਂ ਮਾਣਦੇ ਬਹੁਤਾ ਨੇ, ਪਰ ਆਲੋਚਕ ਨਿਰਖਦੇ ਪਰਖਦੇ ਨੇ ਪਈ ਪਿਛਲੇ ਸਮੇਂ ਦੇ ਬੱਝੇ ਰੂਪਾਂ 'ਚ ਕੀ ਇਹ ਕਹਾਣੀ ਏ? – ਲਿਖਣ ਵਾਲੇ ਕਹਾਣੀ ਦੇ ਬੜੇ ਰੂਪ ਤੇ ਸੰਕਲਪ ਬਦਲਦੇ ਰਹਿੰਦੇ ਨੇ। ਕਈ ਆਲੋਚਕ ਵੀ ਏਸ ਕੰਮ 'ਚ ਸਹਾਈ ਹੁੰਦੇ ਨੇ।

ਗੱਲ ਦੱਸਣ ਵਾਲਾ ਕਹਾਣੀਕਾਰ ਏ। ਚਾਹੇ ਉਹ ਮੰਦਰ ਗੁਰਦੁਆਰੇ ਦਾ ਕਥਾਵਾਚਕ ਹੋਵੇ, ਚਾਹੇ ਖੁੰਢ 'ਤੇ ਬਹਿ ਕੇ ਪਿੰਡ ਦੇ ਮੁੰਡਿਆਂ ਨੂੰ ਗੱਲਾਂ ਸੁਨਾਣ ਵਾਲਾ ਤਾਇਆ ਤੇ ਭਾਵੇਂ ਅਖ਼ਬਾਰਾਂ ਤੇ ਸਾਹਿਤਕ ਪਰਚਿਆਂ 'ਚ ਕੁਝ ਛਪਵਾਉਣ ਵਾਲਾ ਲੇਖਕ।

**ਜਿੰਦਰ:**- ਇੱਕ ਅਜਿਹਾ ਸਮਾਂ ਵੀ ਆਉਂਦਾ ਹੈ ਕਿ ਲੇਖਕ ਦੀ ਕਲਮ 'ਚ ਠਹਿਰਾਓ ਆ ਜਾਂਦਾ ਹੈ ਜਾਂ ਕਈ ਵਾਰ ਲੇਖਕ ਇਹ ਵੀ ਕਹਿੰਦੇ ਸੁਣੇ ਗਏ ਹਨ ਕਿ ਹੁਣ ਉਨਾਂ ਕੋਲ ਲਿਖਣ ਲਈ ਕੁਝ ਰਿਹਾ ਹੀ ਨਹੀਂ। ਜਾਂ ਉਨਾਂ ਨੂੰ ਇਉ ਵੀ ਲੱਗਦਾ ਹੈ ਕਿ ਲਿਖਣਾ ਫਜ਼ੂਲ ਹੈ। ਜੋ ਲਿਖ ਲਿਆ–ਉਹ ਹੀ ਕਾਫੀ ਹੈ। ਕੀ ਤਸੀ ਵੀ ਕਦੇ ਅਜਿਹਾ ਮਹਿਸੂਸ ਕੀਤਾ ਹੈ?

**ਪ੍ਰੇਮ ਪ੍ਰਕਾਸ਼:-** ਹਰੇਕ ਦੀ ਕਲਾ (ਲਿਖਤ) 'ਚ ਠਹਿਰਾਓ ਜ਼ਰੂਰ ਆਉਂਦਾ ਏ। ਇਹਦਾ ਕਾਰਨ ਕਦੇ ਲੇਖਕ ਦੇ ਨਿੱਜੀ ਹਾਲਾਤ ਹੁੰਦੇ ਨੇ ਤੇ ਕਦੇ ਮਾਹੌਲ ਹੁੰਦਾ ਏ। ਕਦੇ ਲੇਖਕ ਦੀ ਪ੍ਰਾਥਮਿਕਤਾ ਹੀ ਬਦਲ ਜਾਂਦੀ ਏ। ਉਹ ਹੋਰਾਂ ਕੰਮਾਂ ਨੂੰ ਵੱਧ ਅਹਿਮ ਸਮਝਣ ਲੱਗ ਪੈਂਦਾ ਏ । ਮੇਰੀ ਲਿਖਣ-ਰਫਤਾਰ ਘਟੀ ਏ। ਭਾਵਨਾਵਾਂ 'ਚ ਉਹ ਸ਼ਿੱਦਤ ਨਹੀਂ ਰਹੀ। ਜਾਂ ਇੰਜ ਕਹੀਏ ਕਿ ਬਲੱਡ ਪ੍ਰੈਸ਼ਰ ਤੇ ਟੈਨਸ਼ਨ ਤੋਂ ਬਚਣ ਲਈ ਮੈਂ ਜਿਥੇ ਦਵਾਈਆਂ ਖਾਂਦਾ ਹਾਂ, ਉਥੇ ਆਪਣੇ ਮਨ ਨੂੰ ਟਿਕਾਉਣ ਲਈ ਚਿਤੰਨ ਤੇ ਸਾਧਨਾ ਵੀ ਕਰਦਾ ਹਾਂ। ਹੁਣ ਜ਼ਿੰਦਗੀ ਅੱਗੇ ਵਰਗੀ ਬੇਮੁਹਾਰ ਨਹੀਂ ਗੁਜ਼ਾਰੀ ਜਾ ਸਕਦੀ। ਨਵੇਂ ਤਜਰਬੇ ਕਰਨ ਤੋਂ ਡਰ ਲੱਗਦਾ ਏ। ਮਨ 'ਚ ਡਰ ਦੀਆਂ ਗੱਠਾਂ ਪੈਂਦੀਆਂ ਖੁੱਲਦੀਆਂ ਰਹਿੰਦੀਆਂ ਨੇ। ਜਦ ਕਦੇ ਕੋਈ ਚਿਤਰ ਅਚਾਨਕ ਬਣ ਜਾਂਦਾ ਏ ਤਾਂ ਕਹਾਣੀ ਲਿਖ ਹੋ ਜਾਂਦੀ ਏ। ਉਂਜ ਲਿਖਣ ਦੀ ਅੱਚਵੀ ਨਹੀਂ ਲੱਗਦੀ। ਨਾ ਹੀ ਨਾ ਲਿਖੀ ਜਾਣ ਤੇ ਨਿਰਾਸ਼ਾ ਹੁੰਦੀ ਏ। ਇਹ ਅਵਸਥਾ ਹੁਣ ਦੀ ਏ। ਪਤਾ ਨਹੀਂ ਕੱਲ੍ਹ ਨੂੰ ਕੀ ਹੋਵੇ। ਖਬਰੇ ਲਿਖ ਨਾ ਹੋਵੇ ਜਾਂ ਖ਼ਬਰੇ ਕਹਾਣੀਆਂ ਵਰ ਪੈਣ।

**ਜਿੰਦਰ**:- ਕੀ ਲਿਖਣਾ ਤੁਹਾਡੇ ਆਪਣੇ ਵੱਸ 'ਚ ਨਹੀਂ ?

**ਪ੍ਰੇਮ ਪ੍ਰਕਾਸ਼:-**ਨਹੀਂ, ਉੱਕਾ ਨਹੀਂ। ਜਦ ਮੈਂ ਕਹਿੰਦਾ ਹਾਂ ਕਿ ਮੈਂ ਕਹਾਣੀ ਨਹੀਂ ਲਿਖਦਾ, ਮੈਥੋਂ ਲਿਖੀ ਜਾਂਦੀ ਏ। ਉਹਦਾ ਅਰਥ ਇਹ ਨਹੀਂ ਕਿ ਮੈਂ ਉੱਕਾ ਕੋਈ ਤਰੱਦਦ ਨਹੀਂ ਕਰਦਾ। ਮੈਂ ਘਟਨਾਵਾਂ ਨੂੰ ਜੋੜਦਾ ਤੋੜਦਾ ਹੋਇਆ ਕਲਪਨਾ 'ਚ ਉਹਨਾਂ ਨਾਲ ਖੇਡਦਾ ਰਹਿੰਦਾ ਹਾਂ। ਇੰਜ ਘਟਨਾਵਾਂ ਨੂੰ ਸੁਚੇਤ ਹੋ ਕੇ ਤਰਤੀਬ ਵੀ ਦੇਂਦਾ ਹਾਂ। ਏਸ ਲਈ ਕਈ ਜੁਗਤਾਂ ਵੀ ਵਰਤਦਾ ਹਾਂ। ਮੈਂ ਪਾਠਕ ਨੂੰ ਕਹਾਣੀ ਰਾਹੀਂ ਫੜਨਾ ਜੁ ਹੋਇਆ ਤੇ ਨਾਲੇ ਦੂਜੇ ਕਹਾਣੀਕਾਰਾਂ ਤੇ ਸਮਾਲੋਚਕਾਂ ਤੋਂ ਵੀ ਭਾਣਾ ਮੰਨਵਾਉਣਾ ਹੁੰਦਾ ਏ। ਮੈਂ ਏਸ ਕੰਮ ਲਈ ਇੱਕੋ ਕਹਾਣੀ ਨੂੰ ਤਿੰਨ ਜਾਂ ਚਾਰ ਵਾਰ ਭੰਨ ਤੋੜ ਕੇ ਸਾਫ ਕਾਗਜ਼ 'ਤੇ ਲਿਖਦਾ ਹਾਂ। ਫੇਰ ਵੀ ਇਹ ਸਾਰਾ ਕੰਮ ਮੇਰੇ ਵੱਸ 'ਚ ਨਹੀਂ ਕਿ ਸਿੱਟਾਂ ਮੇਰੀ ਮਰਜ਼ੀ ਅਨੁਸਾਰ ਹੋਵੇ। ਬਹੁਤੀ ਵਾਰ ਕਹਾਣੀ ਆਪਣੇ ਆਪ ਪੂਰੀ ਹੋ ਕੇ ਸਾਹਮਣੇ ਆ ਜਾਂਦੀ ਏ। ਤੇ ਕਦੇ ਜ਼ੋਰ ਲਾਉਣ ਤੇ ਵੀ ਨਹੀਂ ਬਣਦੀ। ਮੈਂ ਤਾਂ ਕਹਾਣੀ ਦੇ ਲਿਖ ਹੋਣ ਦੀ ਉਡੀਕ ਕਰਦਾ ਰਹਿੰਦਾ ਹਾਂ। ਏਸੇ ਲਈ ਮੈਂ ਕਹਿੰਦਾ ਹਾਂ ਕਿ ਮੈਂ ਜ਼ਿੰਦਗੀ ਭਰ ਕਦੇ ਏਸ ਕੰਮ 'ਚ ਮਿਹਨਤ ਨਹੀਂ ਕੀਤੀ। ਰਚਨਾ ਕਰਨ ਦਾ ਜਿਹੜਾ ਵੀ

ਕੰਮ ਹੁੰਦਾ ਏ ਉਹਦੇ 'ਚ ਏਨਾ ਰਸ ਆਉਂਦਾ ਏ ਕਿ ਕੰਮ ਲੱਗਦਾ ਹੀ ਨਹੀਂ। ਏਸ ਕੰਮ 'ਚ ਦੋਸਤ, ਔਰਤ ਦੇ ਸੰਗ ਵਰਗਾ ਸੁਆਦ ਹੁੰਦਾ ਏ। ਸਮਾਂ ਬੀਤਣ ਨਾਲ ਹੁਣ ਦੋਹਾਂ 'ਚ ਰਸ ਘੱਟ ਗਿਆ ਏ, ਪਰ ਮੁੱਕਿਆ ਨਹੀਂ।

**ਜਿੰਦਰ**:- ਬਹੁਤੇ ਪਾਠਕ ਇਹ ਕਹਿੰਦੇ ਸੁਣੇ ਗਏ ਹਨ ਕਿ ਤਹਾਡੀਆਂ ਬਹੁਤੀਆਂ ਕਹਾਣੀਆਂ ਪਹਿਲੀ ਵਾਰ ਪੜ ਕੇ ਸਮਝ ਨਹੀਂ ਆਉਦੀਆਂ ਜਾਂ ਪਕੜ 'ਚ ਨਹੀਂ ਆਉਦੀਆਂ। ਇਨਾਂ ਨੂੰ ਵਾਰ–ਵਾਰ ਪੜ੍ਹਨ ਦੀ ਲੋੜ ਹੈ। ਅਜਿਹਾ ਕਿਹੜਾ ਆਲੋਚਕ ਸੀ, ਜਿਸ ਨੇ ਇਨ੍ਹਾਂ ਦਾ ਠੀਕ ਮੁਲਾਂਕਣ ਕੀਤਾ ?

**ਪ੍ਰੇਮ ਪ੍ਰਕਸ਼**:- ਕਹਾਣੀ ਨੂੰ ਪੜ੍ਹ ਕੇ ਸਮਝਣ ਲਈ ਤਾਂ ਹਰੇਕ ਪਾਠਕ ਦੀ ਆਪਣੀ ਸਮਝ ਅਤੇ ਆਪਣੇ ਅਨੁਭਵ ਹੀ ਕੰਮ ਆਉਂਦੇ ਨੇ। ਸੁਰਜੀਤ ਹਾਂਸ ਮੇਰੀ ਕਹਾਣੀ ਪੜ੍ਹਦਿਆਂ ਹੀ ਮੈਥੋਂ ਵੱਧ ਸਮਝ ਲੈਂਦਾ ਏ। ਮੈਂ ਹਰੇਕ ਕਹਾਣੀ ਪਹਿਲਾਂ ਸੁਰਜੀਤ ਕੌਰ ਨੂੰ ਪੜ੍ਹਨ ਨੂੰ ਦੇਂਦਾ ਹਾਂ। ਉਹਦਾ ਮਸ਼ਵਰਾ ਲੈ ਕੇ ਸੋਧ ਕੇ ਛਪਣ ਲਈ ਭੇਜਦਾ ਹਾਂ। ਜ਼ਾਹਿਰ ਏ ਕਿ ਉਹਨੂੰ ਕਹਾਣੀ ਛੇਤੀ ਸਮਝ ਆ ਜਾਂਦੀ ਏ। ਡਾ. ਹਰਿਭਜਨ ਸਿੰਘ ਉਨਾਂ ਤੰਦਾਂ ਨੂੰ ਵੀ ਫੜ ਲੈਂਦਾ ਏ, ਜਿਨਾਂ ਨੇ ਉਸ ਕਹਾਣੀ ਨੂੰ ਜਨਮ ਦਿੱਤਾ ਹੁੰਦਾ ਏ। ਸੂਝ ਤੇ ਗਿਆਨ ਦੀ ਏਨੀ ਵਿਸ਼ਾਲਤਾ ਹੋਰ ਕਿਸੇ 'ਚ ਨਹੀਂ। ਉਹ ਨਾ ਹੁੰਦਾ ਤਾਂ ਮੈਨੂੰ ਗਿਲਾ ਰਹਿਣਾ ਸੀ ਕਿ ਮੇਰੀ ਗੱਲ ਮੇਰੇ ਤਕ ਹੀ ਰਹੀ। ਹਿੰਦੂ ਸੰਸਕਾਰਾਂ ਦੀਆਂ ਕਹਾਣੀਆਂ ਅਖੌਤੀ ਸਮਾਜਿਕ ਯਥਾਰਥਵਾਦੀ ਆਲੋਚਕਾਂ ਦੀ ਸੋਚ ਦੇ ਮੇਚ ਨਾ ਆਈਆਂ। ਹੁਣ ਤਾਂ ਟੀ.ਆਰ.ਵਿਨੋਦ, ਬਲਦੇਵ ਸਿੰਘ ਧਾਲੀਵਾਲ ਵੀ ਸਮਝ ਰਹੇ ਨੇ।

**ਜਿੰਦਰ**:-ਤੁਹਾਨੂੰ ਕਿਹੋ ਜਿਹੀ ਕਹਾਣੀ ਚੰਗੀ ਲੱਗਦੀ ਹੈ?

**ਪ੍ਰੇਮ ਪ੍ਰਕਾਸ਼**:- ਮੇਰਾ ਵਿਸ਼ਵਾਸ ਏ ਕਿ ਬੰਦਾ ਜਿੰਨਾ ਤੇ ਜਿਹੋ ਜਿਹਾ ਬਾਹਰ ਦਿੱਸਦਾ ਏ, ਉਸ ਤੋਂ ਵੀਹ ਗੁਣਾਂ ਉਹ ਅੰਦਰ ਏ। ਜਿਹੜਾ ਦਿੱਸਦਾ ਨਹੀਂ। ਜਿਹੜਾ ਕਰਮ ਇੰਦਰੀਆਂ ਦੀ ਪਕੜ 'ਚ ਨਹੀਂ ਆਉਂਦਾ। ਗਿਆਨ ਇੰਦਰੀਆਂ ਵੀ ਥੋੜਾ ਜਿਹਾ ਭੇਤ ਪਾ ਸਕਦੀਆਂ ਨੇ—ਬਾਹਰਲੇ ਬੰਦੇ ਨੂੰ ਤਾਂ ਸਾਰੇ ਜਾਣਦੇ ਹੁੰਦੇ ਨੇ, ਉਹ ਮੇਰੇ ਲਈ ਜਾਨਣ ਵਾਲੀ ਗੱਲ ਨਹੀਂ। ਮੈਂ ਉਹਦੇ ਅੰਦਰਲੇ ਬੰਦਿਆਂ ਨੂੰ ਜਾਨਣਾ ਚਾਹੁੰਦਾ ਹਾਂ। ਜਿਹੜੀ ਕਹਾਣੀ ਇਹ ਦੱਸਦੀ

ਏ ਜਾਂ ਦੱਸਣ ਦੀ ਕੋਸ਼ਿਸ਼ ਕਰਦੀ ਏ, ਮੈਨੂੰ ਉਹ ਚੰਗੀ ਲੱਗਦੀ ਏ। ਬਾਹਰਲੇ ਦਿੱਸਦੇ ਜਗਤ ਦੀਆਂ ਗੱਲਾਂ ਮੈਨੂੰ ਨਹੀਂ ਭਾਉਂਦੀਆਂ। ਜਦ ਕਿਸੇ ਕਹਾਣੀ 'ਚ ਪਾਤਰ ਵਾਰਤਾਲਾਪ ਕਰਦੇ ਨੇ, ਮੈਂ ਔਖਾ ਹੋ ਜਾਂਦਾ ਹਾਂ। ਮੈਂ ਨਾਟਕ ਨਾ ਪੜ੍ਹ ਸਕਦਾ ਹਾਂ ਤੇ ਨਾ ਲਿਖ ਸਕਦਾ ਹਾਂ। ਬਕ–ਬਕ ਕਰਦਾ ਪਾਤਰ ਮੈਨੂੰ ਚੰਗਾ ਨਹੀਂ ਲੱਗਦਾ। ਮੈਂ ਉਹਦੀਆਂ ਹਰਕਤਾਂ ਲਿਖ ਸਕਦਾ ਹਾਂ। ਕਿਉਕਿ ਉਹ ਮੈਨੂੰ ਉਹਦੇ ਅੰਦਰ ਦੀ ਮੂਕ ਸੂਚਨਾ ਦੇਂਦੀਆਂ ਨੇ। ਜਿਹੜੀ ਕਹਾਣੀ ਮੈਨੂੰ ਮਨੁੱਖ ਦੇ ਹਨੇਰੇ ਖੂੰਜਿਆਂ 'ਚ ਲਈ ਫਿਰਦੀ ਏ, ਉਹ ਚੰਗੀ ਲੱਗਦੀ ਏ। ਅਕਲਾਂ ਵਾਲੀਆਂ ਲਿਖਤਾਂ ਤੋਂ ਮੈਂ ਬਚਦਾ ਹਾਂ।

**ਜਿੰਦਰ:**-'ਆਹ ਅਕਲਾਂ ਵਾਲੀਆਂ ਲਿਖਤਾਂ' ਨੂੰ ਸਪੱਸ਼ਟ ਕਰੋਗੇ?

**ਪ੍ਰੇਮ ਪ੍ਰਕਾਸ਼:**- ਜਿੰਨਾਂ 'ਚ ਲੇਖਕ ਇਹ ਮਿਥ ਕੇ ਲਿਖਦਾ ਏ ਕਿ ਉਹ ਸਭ ਕੁਝ ਜਾਣਦਾ ਏ ਤੇ ਆਪਣੀ ਅਕਲ ਪਾਠਕਾਂ ਨੂੰ ਦੇ ਰਿਹਾ ਏ। ਅਜਿਹੇ ਲੇਖਕ ਆਪਣੀ ਪੱਕੀ ਵਿਚਾਰਧਾਰਾ ਲੈ ਕੇ ਤੁਰਦੇ ਨੇ। ਉਹ ਆਪਣੇ ਪਾਤਰਾਂ ਨੂੰ ਤੇ ਘਟਨਾਵਾਂ ਨੂੰ ਆਪਣੀ ਵਿਚਾਰਧਾਰਾ ਦੇ ਤਾਬੇ ਕਰ ਕੇ ਕੰਮ ਕਰਾਉਂਦੇ ਨੇ। ਉਹ ਸਮਝਦੇ ਨੇ ਕਿ ਏਸ ਤਰਾਂ ਉਹ ਪਾਠਕਾਂ ਨੂੰ ਸਿਆਣੇ ਬਣਾ ਦੇਣਗੇ। ਫੇਰ ਬਹੁਤੇ ਸਿਆਣੇ ਬੰਦੇ ਰਲ ਕੇ ਸਮਾਜ ਨੂੰ ਬਦਲ ਦੇਣਗੇ, ਮੇਰਾ ਖਿਆਲ ਏ ਕਿ ਸਾਹਿਤ ਬੰਦੇ ਨੂੰ ਅਕਲਾਂ ਦੇ ਕੇ ਸਮਾਜ ਨੂੰ ਬਦਲ ਨਹੀਂ ਸਕਦਾ। ਉਸਦਾ ਕੰਮ ਤੇ ਪਹਿਲਾਂ ਆਪ ਜਿਗਿਆਸੂ ਬਣਨਾ ਤੇ ਫੇਰ ਪਾਠਕ ਨੂੰ ਜਿਗਿਆਸੂ ਬਣਾਉਣਾ ਏ। ਪਿਛਲੇ ਪੰਜਾਹ ਸਾਲਾਂ 'ਚ ਮਾਰਕਸਵਾਦੀਆਂ ਦਾ ਰਚਿਆ ਸਾਹਿਤ ਪੰਜਾਬੀਆਂ ਨੂੰ ਧਰਮ-ਨਿਰਪੱਖ ਨਹੀਂ ਬਣਾ ਸਕਿਆ। ਜਿਹੜੇ ਕਾਲੇ ਦਿਨਾਂ ਦੇ ਬਾਰਾਂ ਸਾਲਾਂ ਦਾ ਸੰਤਾਪ ਅਸੀਂ ਝੱਲਿਆ, ਉਹ ਕਿਸੇ ਸਾਹਿਤ ਨੇ ਪੈਦਾ ਨਹੀਂ ਸੀ ਕੀਤਾ। ਜਿਹੜੇ ਧਰਮ–ਨਿਰਪੱਖ ਹੋਣ ਦੀਆਂ ਅਕਲਾਂ ਦੇਂਦੇ ਸੀ, ਉਹ ਆਪ ਅੱਤਵਾਦੀਆਂ ਨਾਲ ਰਲ ਗਏ ਸੀ।

**ਪ੍ਰੇਮ ਪ੍ਰਕਾਸ਼:**- 'ਚੌਥੀ ਕੂੰਟ' ਦਾ ਕੀ ਰੌਲਾ ਹੈ। 'ਕਹਾਣੀ ਪੰਜਾਬ' ਦੇ ਇੱਕ ਸਾਰੇ ਅੰਕ 'ਚ ਰਾਮ ਸਰੂਪ ਅਣਖੀ ਹੋਰਾਂ ਨੇ ਤਾਂ ਪੰਜਵੀ ਪੀੜੀ ਦਾ ਐਲਾਨ ਕਰ ਦਿੱਤਾ ਹੈ।

**ਪ੍ਰੇਮ ਪ੍ਰਕਾਸ਼:**- 'ਚੌਥੀ ਕੂਟ' ਦਾ ਮਤਲਬ ਚੌਥੀ ਪੀੜੀ ਨਹੀਂ। ਏਸ ਦਾ ਅਰਥ ਉਹ ਸਾਹਿਤਕਾਰ ਨੇ ਜਿਹੜੇ ਉਸ ਦਿਸ਼ਾ ਨੂੰ ਜਾਂਦੇ ਨੇ, ਜਿਸ ਦਾ ਪਹਿਲਿਆਂ ਨੂੰ ਪਤਾ ਨਹੀਂ

ਹੁੰਦਾ। ਉਸ ਦਿਸ਼ਾ ਨੂੰ ਜਾਣ ਤੋਂ ਪਹਿਲੇ ਲੇਖਕ ਵਰਜਦੇ ਨੇ। ਪਰ ਕੋਈ ਅਜਿਹਾ ਵੀ ਹੁੰਦਾ ਏ, ਜਿਹੜਾ ਵਰਜਣ ਦੀ ਪਰਵਾਹ ਨਹੀਂ ਕਰਦਾ। ਕਈ ਵਾਰ ਤਾਂ ਮੁਸੀਬਤਾਂ ਨਾਲ ਟੱਕਰ ਲੈਣ ਲਈ ਉਸ ਵਰਜੀ ਚੌਥੀ ਕੂਟ ਵੱਲ ਜਾਂਦਾ ਏ। ਪੰਜਾਬੀ ਸਾਹਿਤ 'ਚ ਇਹ ਕੰਮ ਕੁਲਵੰਤ ਸਿੰਘ ਵਿਰਕ ਨੇ ਸੇਖੋਂ ਦੇ ਰੋਕਦਿਆਂ ਕੀਤਾ। ਕੁਝ ਸਤਿਆਰਥੀ ਨੇ ਕੀਤਾ। ਸ਼ਿਵ ਕਮਾਰ ਬਟਾਲਵੀ ਨੇ ਕੀਤਾ। 'ਚੌਥੀ ਕੂਟ' ਦੇ ਲੇਖਕ ਪਰੰਪਰਾ ਨੂੰ ਭੰਨ ਕੇ ਨਵੀਆਂ ਬਣਾਉਂਦੇ ਨੇ। ਕਹਾਣੀ ਦੇ ਖੇਤਰ 'ਚ 'ਚੌਥੀ ਕੂਟ' ਵੱਲ ਜਾਣ ਵਾਲੇ ਕਈ ਲੇਖਕ ਉਭਰੇ ਨੇ। ਦੇਖੋ, ਕਿਹੜਾ ਲੀਹਾਂ ਪਾੜ ਕੇ ਨਵੀਆਂ ਪਾਉਂਦਾ ਏ।

**ਜਿੰਦਰ**:- ਮਸਲਨ ਕਿਹੜੇ- ਕਿਹੜੇ ਕਹਾਣੀਕਾਰ?

**ਪ੍ਰੇਮ ਪ੍ਰਕਾਸ਼;**-ਮੈਂ ਪਹਿਲਾਂ ਹੀ ਕਿਹਾ ਤਾਂ ਹੈ ਕਿ 'ਚੌਥੀ ਕੂਟ' ਦਾ ਪਹਿਲਾ ਕਹਾਣੀਕਾਰ ਕਲਵੰਤ ਸਿੰਘ ਵਿਰਕ ਸੀ। ਸਤਿਆਰਥੀ ਨੇ ਵੀ ਨਵੇਂ ਰਾਹ ਲਭੇ, ਪਰ ਉਹ ਕਹਾਣੀਕਾਰ ਦੇ ਤੌਰ ਤੇ ਪੈਂਠ ਨਹੀ ਬਣਾ ਸਕਿਆ। ਏਸੇ ਤਰਾਂ ਸੁਰਜੀਤ ਵਿਰਦੀ ਨੇ ਕੋਸ਼ਿਸ਼ ਕੀਤੀ ਸੀ। ਅਜੀਤ ਕੌਰ ਨੇ ਨਵੇਂ ਲੀਹੇ ਪਾੜੇ ਨੇ। ਗੁਰਪਾਲ ਲਿਟ ਨੇ ਵੀ ਯਤਨ ਕੀਤੇ ਨੇ। ਨਵਿਆਂ ਵਿੱਚ ਸੁਖਜੀਤ, ਜਿੰਦਰ, ਬਲਜਿੰਦਰ ਗਰੇਵਾਲ, ਵੀਨਾ ਵਰਮਾ ਤੇ ਹੋਰ ਕਈ ਸ਼ਾਮਲ ਨੇ। ਮੈਂ ਹੁਣ ਨਾਉਂ ਭੁਲ ਰਿਹਾਂ। ਉਸ ਤੋਂ ਬਾਅਦ ਹੁਣ ਨਵੇਂ ਉਭਰ ਰਹੇ ਕਹਾਣੀਕਾਰਾਂ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਬਹੁਤੇ ਮੇਰੇ ਪਿੱਛੇ ਟੁਰ ਪਏ ਨੇ। ਏਸੇ ਗੱਲ ਨੇ ਉਹਨਾਂ ਨੂੰ ਮਾਰ ਦੇਣਾ ਏ। ਉਂਜ ਪਤਾ ਨਹੀਂ ਕਿ ਕਿਹੜਾ ਨਵਾਂ ਰਾਹ ਲੱਭ ਲਏ ਤੇ ਖਤਰੇ ਮੁੱਲ ਲੈ ਕੇ ਜੰਗਲ ਚੀਰ ਦੇਵੇ।...ਏਸ ਸਮੇਂ ਮਨਮੋਹਨ ਬਾਵਾ ਵੀ ਲੀਹਾਂ ਪਾੜਨ ਵਾਲਿਆਂ 'ਚ ਸ਼ਾਮਲ ਏ।

**ਜਿੰਦਰ:**-ਤੁਸੀਂ ਕਹਿੰਦੇ ਹੋ,''ਮੈਂ ਆਪਣੀਆਂ ਕਹਾਣੀਆਂ ਦਾ ਚੰਗਾ ਜੱਜ ਨਹੀਂ ਹਾਂ। ਚੰਗੀ ਮਾੜੀ ਕਹਾਣੀ ਦਾ ਫੈਸਲਾ ਆਲੋਚਕਾਂ ਤੇ ਸਿਆਣੇ ਪਾਠਕਾਂ ਦੇ ਪ੍ਰਤੀਕਰਮ ਤੇ ਛੱਡਦਾ ਹਾਂ।'' (ਲੋਅ–ਜਨਵਰੀ 1988) ਤਹਾਡੀ ਨਜ਼ਰ 'ਚ ਚੰਗਾ ਪਾਠਕ ਕਿਸ ਤਰਾਂ ਦਾ ਹੁੰਦਾ ਹੈ ਅਤੇ ਆਲੋਚਕ ਕੀ ਹੁੰਦਾ ਹੈ? ਕੀ ਆਲੋਚਕ ਨੂੰ ਲੇਖਕ 'ਤੇ ਭਾਰੂ ਹੋਣ ਦੇਣਾ ਚਾਹੀਦਾ ਹੈ? ਮੈਨੂੰ ਇੱਥੇ ਦੋ ਸ਼ਬਦ ਯਾਦ ਆ ਰਹੇ ਹਨ,''ਜੋ ਲੇਖਕ ਲਿਖਦਾ ਹੈ— ਉਹਨੂੰ ਆਲੋਚਕ ਪੂਰੀ ਤਰਾਂ ਸਮਝ ਨਹੀਂ ਸਕਦਾ। ਉਹ ਸਿਰਫ ਅੰਦਾਜ਼ਾ ਲਾ ਸਕਦਾ ਹੈ।''

**ਪ੍ਰੇਮ ਪ੍ਰਕਾਸ਼:-** ਮੈਂ ਆਪ ਨੂੰ ਕਹਾਣੀ ਦਾ ਚੰਗਾ ਜੱਜ ਹੁਣ ਵੀ ਨਹੀਂ ਸਮਝਦਾ। ਸੱਚਾਈ ਤਾਂ ਇਹ ਹੈ ਕਿ ਕੋਈ ਵੀ ਲੇਖਕ ਅਜਿਹਾ ਨਹੀਂ ਹੁੰਦਾ। ਕੋਈ ਵੀ ਇੱਕ ਜਣਾ ਨਹੀਂ ਹੁੰਦਾ, ਨਾ ਲੇਖਕ, ਨਾ ਆਲੋਚਕ ਤੇ ਨਾ ਹੀ ਪਾਠਕ। ਹਰੇਕ ਆਪਣੇ–ਆਪਣੇ ਚਿੰਤਨ ਤੇ ਸੁਹਜ ਸੁਆਦ ਤੇ ਸੂਝ ਬੂਝ ਅਨੁਸਾਰ ਫੈਸਲਾ ਕਰਦਾ ਏ। ਇੱਕ ਤੇ ਸੌ ਵਿੱਚਕਾਰ 98 ਦਰਜੇ ਨੇ।

ਚੰਗਾ ਪਾਠਕ ਆਪਣੇ ਤੌਰ 'ਤੇ ਕੁਝ ਵੀ ਨਹੀਂ ਹੁੰਦਾ। ਕਿਸੇ ਲੇਖਕ ਦੇ ਪਾਠਕ ਜ਼ਰੂਰੀ ਨਹੀਂ ਕਿ ਹੋਰਾਂ ਲੇਖਕਾਂ ਨੂੰ ਵੀ ਉਸੇ ਤਰਾਂ ਸਮਝ ਸਕਣ ਤੇ ਮਾਣ ਸਕਣ। ਇੱਕ ਲੇਖਕ ਦੇ ਪਾਠਕ ਉਸੇ ਲੇਖਕ ਦੀਆਂ ਵੱਖ–ਵੱਖ ਕਹਾਣੀਆਂ ਦਾ ਮੁੱਲਾਂਕਣ ਵੱਖ–ਵੱਖ ਕਰਦੇ ਨੇ। ਏਥੇ ਫੇਰ ਉਹੀ ਗੱਲ ਪਾਠਕ ਦੀ ਗ੍ਰਹਿਣ ਸਮਰੱਥਾ ਕੰਮ ਕਰਦੀ ਏ। ਇੱਕ ਪਾਸਿਓਂ ਸੰਚਾਰ ਹੋ ਰਿਹਾ ਹੁੰਦਾ ਏ ਤੇ ਦੂਜੇ ਪਾਸੇ ਗ੍ਰਹਿਣ। ਦੋਹਾਂ ਵਿੱਚਕਾਰ ਤੰਦ ਠੀਕ ਜੁੜ ਜਾਵੇ ਤਾਂ ਵਾਹਵਾ ਨਹੀਂ ਤਾਂ ਸੰਪਰਕ ਟੁੱਟ ਜਾਂਦਾ ਏ। ਜਾਂ ਦੂਹਾਂ ਪਾਸਿਆਂ ਨੂੰ ਗਿਲਾ ਹੁੰਦਾ ਏ ਕਿ ਉਹਨੇ ਠੀਕ ਸੁਨੇਹਾ ਨਹੀਂ ਘੱਲਿਆ, ਜਾਂ ਉਹਨੇ ਸੁਨੇਹਾ ਠੀਕ ਨਹੀਂ ਸੁਣਿਆ ਜਾਂ ਸਮਝਿਆ। —ਆਲੋਚਕ ਦਾ ਵੀ ਇਹੀ ਹਾਲ ਹੁੰਦਾ ਏ। ਉਹ ਵੀ ਦੂਜੇ ਸਿਰੇ ਤੇ ਪਾਠਕ ਵਾਂਗੂ ਹੀ ਹੁੰਦਾ ਏ। ਏਸੇ ਲਈ ਦੋਹਾਂ ਵਿੱਚਕਾਰ ਗਿਲਿਆਂ ਦਾ ਸਿਲਸਿਲਾ ਮੁੱਢ ਕਦੀਮ ਤੋਂ ਹੀ ਜਾਰੀ ਰਿਹਾ ਏ।

ਜਦ ਆਲੋਚਕ ਕਿਸੇ ਰਚਨਾਕਾਰ ਦੀ ਨੁਕਤਾਚੀਨੀ ਕਰਦਾ ਏ ਤਾਂ ਲੇਖਕ ਔਖਾ ਹੁੰਦਾ ਏ। ਏਸੇ ਔਖਿਆਈ ਕਰਕੇ ਲੇਖਕ ਘੋੜੇ ਦੀ ਮੱਖੀ, ਪਿੱਸੂ ਜਾਂ ਪਰਜੀਵੀ ਕਹਿ ਕੇ ਨਿੰਦਦੇ ਰਹੇ ਨੇ। ਇਹ ਵੀ ਕਿਹਾ ਜਾਂਦਾ ਰਿਹਾ ਏ ਕਿ ਜਦ ਕੋਈ ਬੰਦਾ ਸਿਰਜਣਾ ਕਰ ਨਹੀਂ ਸਕਦਾ ਜਾਂ ਕਰਦਾ ਕਰਦਾ ਅਸਫਲ ਹੋ ਜਾਂਦਾ ਏ ਤਾਂ ਉਹ ਆਲੋਚਕ ਬਣ ਜਾਂਦਾ ਏ। ਉਹ ਆਪਣੀ ਅਸਫਲਤਾ ਦਾ ਬਦਲਾ ਸਫਲ ਲੇਖਕਾਂ ਤੋਂ ਲੈਂਦਾ ਏ। ਮੇਰਾ ਖਿਆਲ ਏ ਕਿ ਸਾਰੇ ਤਾਂ ਨਹੀਂ, ਪਰ ਬਹੁਤੇ ਆਲੋਚਕ ਖੱਸੀ ਜਾਂ ਬਾਂਝ ਲੇਖਕ ਹੁੰਦੇ ਨੇ। ਏਸ ਮਾਮਲੇ 'ਚ ਅਤਰ ਸਿੰਘ ਚੰਗੀ ਉਦਾਹਰਣ ਏ। ਉਹ ਸੂਝਵਾਨ ਸੀ। ਉਹਨੇ ਕਹਾਣੀ ਵੀ ਲਿਖੀ ਤੇ ਤੇ ਕਵਿਤਾ ਵੀ।.... ਲਿਖਣ ਵਾਲਿਆਂ 'ਚ ਬਹੁਤਿਆਂ ਦੇ ਜਦ ਦਾਣੇ ਮੁੱਕ ਜਾਂਦੇ ਨੇ ਤਾਂ ਟਿੱਪਣੀਆਂ ਕਰਨ ਲੱਗ ਪੈਂਦੇ ਨੇ। ਇਹਦੇ ਨਾਲ ਨਿਆਂਧੀਸ਼ ਬਨਣ ਦਾ ਸੁਆਦ ਵੀ ਪੂਰਾ ਹੋ ਜਾਂਦਾ ਏ। ਨਵੇਂ ਸਾਹਿਤਕਾਰਾਂ ਨੂੰ

ਡਰਾਇਆ ਵੀ ਜਾ ਸਕਦਾ ਏ। ਪੜਨ ਦੀ ਆਦਤ ਵੀ ਬਣੀ ਰਹਿੰਦੀ ਏ। ਨਾਓਂ ਦਾ ਸਿੱਕਾ ਵੀ ਚਲਦਾ ਏ। ਚਾਰ ਪੈਸੇ ਵੀ ਮਿਲਦੇ ਨੇ। ਦਿਲ 'ਤੇ ਪਿਆ ਬੋਝ ਵੀ ਘਟਦਾ ਏ।

**ਜਿੰਦਰ:-** ਤੁਹਾਡੀਆਂ ਬਹੁਤੀਆਂ ਕਹਾਣੀਆਂ ਮਨੋਵਿਗਿਆਨਕ ਵਿਸ਼ਲੇਸ਼ਣ ਦੀਆਂ ਕਹਾਣੀਆਂ ਹਨ। ਕੀ ਤੁਸੀਂ ਸਿੱਧੇ ਜਾਂ ਅਸਿੱਧੇ ਰੂਪ 'ਚ ਫਰਾਇਡ, ਜੁੰਗ , ਏਂਡਲਰ ਦਾ ਪ੍ਰਭਾਵ ਗ੍ਰਹਿਣ ਕੀਤਾ ਹੈ?

**ਪ੍ਰੇਮ ਪ੍ਰਕਾਸ਼:-** ਮੈਂ ਕੋਈ ਵੀ ਦਰਸ਼ਨ ਸੰਪੂਰਨ ਰੂਪ 'ਚ ਨਹੀਂ ਪੜਿਆ। ਹਰੇਕ ਨੂੰ ਕਿਸੇ ਪ੍ਰਸੰਗ ਵਿੱਚ ਪੜਿਆ ਤੇ ਸਮਝਿਆ ਏ। ਏਸੇ ਲਈ ਮੈਂ ਕਿਸੇ ਦੀ ਗੱਲ ਕੋਟ ਨਹੀਂ ਕਰ ਸਕਦਾ। ਮੈਂ ਧਾਰਮਕ ਗਰੰਥ ਵੀ ਬੜੇ ਪੜੇ ਨੇ। ਪਰ ਮੈਨੂੰ ਯਾਦ ਨਹੀਂ ਰਹਿੰਦਾ ਕਿ ਕੀ ਕਿਥੇ ਪੜਿਆ ਸੀ। ਆਪਣੇ ਤੌਰ 'ਤੇ ਮੈਂ ਕਹਿ ਸਕਦਾ ਹਾਂ ਕਿ ਮੈਂ ਮਨੋਵਿਗਿਆਨ ਦਾ ਵਿਦਿਆਰਥੀ ਹਾਂ। ਹੁਣ ਵੀ ਇਹ ਸਿਲਸਿਲਾ ਜਾਰੀ ਏ। .... ਤੇਰੇ ਮਨ ਦੀ ਗੱਲ ਦਾ ਜਵਾਬ ਇਹ ਵੇ ਕਿ ਮੈਨੂੰ ਸਭ ਤੋਂ ਵੱਧ ਦਿਲਚਸਪੀ ਨਰ ਨਾਰੀ ਦੇ ਰਿਸ਼ਤਿਆਂ ਦੇ ਸੱਚ ਨੂੰ ਜਾਨਣ 'ਚ ਏ। ਜਿਵੇਂ ਪੁਰਾਣੀਆਂ ਕਹਾਣੀਆਂ 'ਚ ਕਿਹਾ ਜਾਂਦਾ ਰਿਹਾ ਏ ਕਿ ਜੇ ਤੂੰ ਏਨਾ ਚਿਰ ਪਰਮਾਤਮਾ ਨੂੰ ਯਾਦ ਕੀਤਾ ਹੁੰਦਾ ਤਾ ਬੇੜਾ ਪਾਰ ਹੋ ਜਾਂਦਾ। ਮੈਂ ਇਸਤ੍ਰੀ ਨੂੰ ਏਸ ਤੋਂ ਵੱਧ ਚਾਹਿਆ ਤੇ ਧਿਆਇਆ ਏ। ਹੁਣ ਜਦ ਮੈਂ ਕਹਾਣੀ ਲਿਖਦਾ ਹਾਂ, ਜੇ ਉਹਦੇ ਵਿੱਚ ਇਸਤ੍ਰੀ ਦਾ ਜ਼ਿਕਰ ਨਾ ਹੋਵੇ ਤਾਂ ਮੇਰਾ ਪੈੱਨ ਨਹੀ ਚਲਦਾ। ਇਸਤ੍ਰੀ ਬਾਰੇ ਮੈਂ ਰੋਜ਼ ਕਹਾਣੀਆ ਲਿਖਦਾ ਹਾਂ, ਭਾਵੇਂ ਕਲਪਨਾ 'ਚ ਹੀ ਸਹੀ।

ਜਿਹੜਾ ਬੰਦਾ ਇਸਤ੍ਰੀਆਂ ਦੀਆਂ ਗੱਲਾਂ ਨਹੀਂ ਕਰਦਾ ਮੈਂ ਉਸ ਤੋਂ ਅੱਕ ਜਾਂਦਾ ਹਾਂ। ਮੈਨੂੰ ਲੱਗਦਾ ਏ ਕਿ ਉਹ ਪਖੰਡੀ ਏ। ਜਿੰਦਰ ਜਦ ਮੈਨੂੰ ਪਹਿਲਾਂ ਮਿਲਣ ਲੱਗਾ ਤਾਂ ਮਹਾਂ ਪਖੰਡੀ ਸੀ। ਹੁਣ ਉਹ ਵਾਤਸਾਇਨ ਦਾ 'ਕਾਮਸੂਤਰ' ਪੜਦਾ ਏ। 'ਨਾਰੀ 'ਕਾਮਸੂਤਰ ' ਵਾਚਦਾ ਏ। ਮੇਰੇ ਵਾਂਗੂ 'ਐਫ ਚੈਨਲ' 'ਚ ਤੀਵੀਆਂ ਦੇ ਨੰਗ ਦੇਖਦਾ ਏ। ਮੈਨੂੰ ਲੱਗਦਾ ਏ ਕਿ ਉਹ ਹੁਣ ਆਪਣੇ ਸੱਚ ਦੱਸਣ ਲੱਗ ਪਿਆ ਏ।

**ਜਿੰਦਰ:-**ਔਰਤਦੀ ਸਾਇੱਕੀ ਨੂੰ ਸਮਝਣ ਲਈ ਤਹਾਨੂੰ ਕਿਹੜੀਆਂ ਕਿਤਾਬਾਂ ਨੇ ਪ੍ਰਭਾਵਤ ਕੀਤਾ? ਕਿੰਨਾਂ ਔਰਤਾਂ ਨੇ ਪ੍ਰਭਾਵਤ ਕੀਤਾ? ਤਹਾਡੀ ਮਿਸਿਜ਼ ਨੇ ਕਿੰਨਾ ਕੁ ਪ੍ਰਭਾਵਤ ਕੀਤਾ?

**ਪ੍ਰੇਮ ਪ੍ਰਕਾਸ਼:-** ਸੋਲਾਂ ਸਾਲ ਦੀ ਉਮਰ ਤੋਂ ਹੁਣ 69 ਤਕ ਮੈਨੂੰ ਜਿੱਥੇ ਵੀ ਇਸਤ੍ਰੀ ਦਾ ਜ਼ਿਕਰ ਮਿਲਿਆ, ਮੈਂ ਪੜਦਾ ਰਿਹਾ ਹਾਂ। ਕੀ ਮਨੋਵਿਗਿਆਨ, ਕੀ ਦਰਸ਼ਨ, ਕੀ ਕਾਮ ਸ਼ਾਸਤਰ, ਕੀ ਧਰਮ ਸ਼ਾਸਤਰ ਤੇ ਕੀ ਸਾਹਿਤ–ਮੈਂ ਬਹੁਤ ਕੁਝ ਪੜਿਆ ਏ। ਕੋਈ ਇੱਕ ਪੁਸਤਕ ਆਪਣੇ ਆਪ 'ਚ ਸੰਪੂਰਨ ਨਹੀਂ ਹੁੰਦੀ। ਬਹੁਤ ਲਿਖਤਾਂ ਪੜ ਕੇ ਕਿਤੇ ਪ੍ਰਭਾਵ ਬਣਦਾ ਏ। ਉਹ ਏਨਾ ਬਹੁਭਾਂਤਾ ਹੁੰਦਾ ਏ ਕਿ ਪਛਾਣਿਆ ਨਹੀਂ ਜਾ ਸਕਦਾ। ਜ਼ਿੰਦਗੀ 'ਚ ਜਿਹੜੀ ਵੀ ਤੀਵੀਂ ਮਿਲੀ, ਭਾਵੇਂ ਕੁਝ ਚਿਰ ਲਈ, ਮੈਂ ਉਸ ਤੋਂ ਵੀ ਪ੍ਰਭਾਵਤ ਹੋਇਆ ਹਾਂ। ਮੇਰੀਆਂ ਕਹਾਣੀਆਂ 'ਚ ਔਰਤਾਂ ਹੀ ਔਰਤਾਂ ਨੇ। ਹੋ ਸਕਦਾ ਏ ਕਿ ਕਿਸੇ ਇੱਕ ਦਾ ਪ੍ਰਭਾਵ ਵੱਧ ਪੈਂਦਾ ਹੋਵੇ। ਉਹਨਾਂ ਸਾਰੇ ਇਸਤ੍ਰੀ ਪਾਤਰਾਂ 'ਚ ਮੇਰੀ ਪਤਨੀ ਵੀ ਸ਼ਾਮਲ ਏ। ਉਹ ਮੇਰੀ ਜੀਵਨ ਸਾਥਣ ਏ। ਮੇਰੇ ਬੱਚਿਆਂ ਦੀ ਮਾਂ ਏ। ਘਰ ਦੀ ਧੁਰੀ ਏ। ਉਸ ਨੇ ਮੈਨੂੰ ਜਿਉਂਦਿਆਂ ਰੱਖਿਆਂ ਏ। ਦੂਜੀਆਂ ਤੀਵੀਆਂ ਨੂੰ ਯਾਰ ਦੇ ਮਰਨ ਦਾ ਬਹੁਤਾ ਦੁੱਖ ਨਹੀਂ ਹੁੰਦਾ। ਹੋ ਸਕਦੈ ਕਿ ਕਿਸੇ ਨੂੰ ਯਾਰ ਮਾਰ ਮਾਰ ਸੁਆਦ ਵੀ ਆਉਂਦਾ ਹੋਵੇ।

**ਜਿੰਦਰ** ''ਮੈਂ ਆਪਣੇ ਆਪ ਨੂੰ ਮਾਰਕਸਵਾਦੀ ਕਹਿੰਦਾ ਹਾਂ। ਮੇਰੀ ਨਜ਼ਰ 'ਚ ਮਾਰਕਸਵਾਦ ਕੇਵਲ ਸੱਤਾ ਹਥਿਆਉਣ ਦਾ ਹੀ ਸਾਧਨ ਨਹੀਂ, ਬਲਕਿ ਜੀਵਨ–ਢੰਗ ਦਾ ਅਧਾਰ ਹੈ। ਮੈਂ ਉਸ 'ਵਾਦ' ਦਾ ਪ੍ਰਤੀਬੱਧ ਹਾਂ, ਨਾ ਕਿ ਕਿਸੇ ਰਾਜਨੀਤਕ ਗਰੁੱਪਬੰਦੀ ਜਾਂ ਪੈਂਤੜੇਬਾਜ਼ੀ ਦਾ।'' ਇਹ ਤੁਹਾਡੇ ਵਿਚਾਰ ਹਨ। ਕੀ ਇਹਨੂੰ ਮੈਂ ਤਹਾਡੀ ਜੀਵਨ ਸ਼ੈਲੀ ਕਹਿ ਸਕਦਾ ਹਾਂ? ਦੂਜੀ ਗੱਲ–ਇਹ 'ਵਾਦ' ਤੁਹਾਡੇ ਸਾਹਿਤ 'ਚੋਂ ਕਿਉਂ ਮਨਫੀ ਹੈ।

**ਪ੍ਰੇਮ ਪ੍ਰਕਾਸ਼:-**ਇਹ ਗੱਲ ਮੈਂ ਕਿਤੇ ਕਹੀ ਜ਼ਰੂਰ ਸੀ। ਮੈਂ ਮਾਰਕਸਵਾਦ ਤੇ ਸਮਾਜਵਾਦ ਨੂੰ ਰਲਾ ਕੇ ਦੇਖਦਾ ਰਿਹਾ ਹਾਂ। ਸਮਾਜਵਾਦੀ ਮੇਰੀ ਨਜ਼ਰ 'ਚ ਸਾਰੇ ਇਨਸਾਨਾਂ ਲਈ ਹਰ ਕਿਸਮ ਦੀ ਬਰਾਬਰੀ ਚਾਹੁਣ ਵਾਲਾ ਹੁੰਦਾ ਏ। ਉਹ ਧਰਮ ਨਿਰਪੱਖ ਹੁੰਦਾ ਏ। ਇਹ ਵਿਚਾਰ ਮੈਨੂੰ ਹੁਣ ਵੀ ਠੀਕ ਲੱਗਦਾ ਏ। ਮੈਂ ਕੋਸ਼ਿਸ਼ ਕੀਤੀ ਏ ਕਿ ਇਹਨੂੰ ਆਪਣੀ ਜੀਵਨ ਸ਼ੈਲੀ ਬਣਾਵਾਂ। ਪਰ ਤੂੰ ਅੱਧੀ ਬਿਸਮਿੱਲਾ ਲੈ ਕੇ ਤੁਰ ਪਿਆ। ਮੈਂ ਏਸ ਤੋਂ ਅਗੇ ਕਿਹਾ ਸੀ ਕਿ ਮੈਂ ਸਾਹਿਤ 'ਚ ਕਿਸੇ ਵੀ ਵਾਦ ਨੂੰ ਨਹੀਂ ਵੜਨ ਦੇਂਦਾ। ਸਾਹਿਤ ਸਿਰਜਣਾ ਨੂੰ ਮੈਂ ਕੇਵਲ ਆਪਣੀ ਨਿੱਜੀ ਸਰਗਰਮੀ ਮੰਨਦਾ ਹਾਂ। ਮੇਰੇ ਸਾਹਿਤ ਦਾ ਮਨੋਰਥ ਉਹ ਨਹੀਂ, ਜਿਹੜਾ

ਮਾਰਕਸਵਾਦੀਆਂ ਦਾ ਹੁੰਦਾ ਏ। ਆਪਣਾ ਮਨੋਰਥ ਮੈਂ ਕਿਸੇ ਹੋਰ ਸਵਾਲ ਦੇ ਜਵਾਬ 'ਚ ਦੱਸ ਚੁੱਕਾਂ ਹਾਂ।

**ਜਿੰਦਰ:**- ਤੁਸੀਂ ਛੋਟੀ ਉਮਰ 'ਚ ਹੀ ਬਜ਼ੁਰਗਾਂ ਬਾਰੇ ਕਹਾਣੀਆਂ ਲਿਖਣੀਆਂ ਕਿਓ ਸ਼ੁਰੂ ਕਰ ਦਿੱਤੀਆਂ?

**ਪ੍ਰੇਮ ਪ੍ਰਕਾਸ਼:**-ਮਨੋਵਿਗਿਆਨ ਦਾ ਛੋਟਾ ਜਿਹਾ ਨੁਕਤਾ ਏ ਕਿ ਬੰਦੇ 'ਚ ਜਨਮ ਦੇ ਨਾਲ ਈ ਮੌਤ ਦਾ ਭੈਅ, ਡਿੱਗਣ ਦਾ ਡਰ ਪੈਦਾ ਹੋ ਜਾਂਦੇ ਨੇ। ਜਦ ਬੰਦਾ ਜਵਾਨ ਹੁੰਦਾ ਏ ਤਾਂ ਉਹਦੇ ਅੰਦਰ ਜਨਮ ਤੋਂ ਹੀ ਪੈਦਾ ਹੋਇਆ ਇੱਕ ਬੁੱਢਾ ਵੀ ਹੁੰਦਾ ਏ। ਜਿਵੇਂ ਇੱਕ ਬੰਦੇ 'ਚ ਕਈ ਰੂਪਾਂ ਦੇ ਬੰਦੇ ਹਰ ਵੇਲੇ ਰਹਿੰਦੇ ਨੇ। ਜਦ ਬੰਦਾ ਬੁੱਢਾ ਹੋ ਜਾਂਦਾ ਏ ਤਾਂ ਉਹਦੇ ਅੰਦਰ ਇੱਕ ਮੁੰਡਾ ਤੇ ਬੱਚਾ ਵੀ ਹੁੰਦਾ ਏ।

ਦੂਜੀ ਗੱਲ ਅਨੁਭਵਾਂ ਦੀ ਹੁੰਦੀ ਏ। ਜਦ ਮੈਂ ਹਾਲੇ ਸਕੂਲ ਨਹੀਂ ਸੀ ਜਾਣ ਲਗਿਆ ਘਰ 'ਚ ਮੇਰੀ ਦਾਦੀ, ਦਾਦਾ ਤੇ ਪੜਦਾਦੀ ਹੁੰਦੀ ਸੀ। ਮੇਰੇ ਚੇਤੇ 'ਚ ਉਹ ਤਿੰਨੇ ਬਹੁਤੇ ਖੁਭੇ ਰਹੇ ਨੇ। ਪੜਦਾਦੀ ਗੁਜਰੀ ਤਾਂ ਮੈਂ ਛੇਵੀਂ ਸੱਤਵੀ 'ਚ ਪੜਦਾ ਸੀ। ਫੇਰ ਦਾਦਾ ਤੇ ਦਾਦੀ ਗੁਜਰੇ। ਇਹ ਘਟਨਾਵਾਂ ਹੋਣੀਆਂ ਜ਼ਰੂਰੀ ਸਨ। ਫੇਰ ਪਤਾ ਨਹੀਂ ਕਿੰਨਾਂ ਕਾਰਨਾਂ ਕਰਕੇ ਮੇਰੇ ਅੰਦਰ ਬਜ਼ੁਰਗ ਤੇ ਮੌਤ ਆ ਗਏ ਸੀ। ਹੁਣ ਜਦ ਮੈਂ ਆਪ ਉਸ ਅਵਸਥਾ 'ਚ ਹਾਂ, ਮੈਨੂੰ ਬੁਢਾਪੇ ਦੀਆਂ ਸੱਚਾਈਆਂ ਦਾ ਪਤਾ ਲੱਗਦਾ ਏ। ਤਦ ਖਿਆਲ ਆਉਂਦਾ ਏ ਕਿ ਇਹ ਅਸਲੀ ਬਜ਼ੁਰਗੀ ਏ। ਪਰ ਏਸ ਹਾਲਤ ਬਾਰੇ ਬਹੁਤਾ ਲਿਖਿਆ ਨਹੀਂ ਜਾ ਸਕਦਾ। ਕਿਉਂਕਿ ਪਾਠਕ ਬਹੁਤੇ ਜਵਾਨ ਹੁੰਦੇ ਨੇ। ਉਹ ਅਜਿਹਾ ਦੁਖ ਪੜ੍ਹਨਾ ਪਸੰਦ ਨਹੀਂ ਕਰਦੇ। ਪਿਛਲੇ ਕੁੱਝ ਵਰਿਆਂ 'ਚ 1995 ਤੋਂ ਬਾਦ ਮੈਂ ਸਾਰੀਆਂ ਹੀ ਕਹਾਣੀਆਂ ਬੁੱਢਿਆਂ ਬਾਰੇ ਲਿਖੀਆਂ ਨੇ। ਜਿਨਾਂ 'ਚ ਸੁਣਦੈਂ ਖਲੀਫਾ, ਮੋਹੜੀ, ਪ੍ਰੋਫੈਸਰ ਵਾਲੀਆ ਸ਼ਾਮਲ ਨੇ। ਮੈਨੂੰ ਲੱਗਦੈ ਕਿ ਇਹਨਾਂ ਦੇ ਪਾਠਕ ਬਣਾਉਣਾ ਜਾਂ ਪਾਠਕ ਦੇ ਚੇਤੇ 'ਚ ਫਸਾਉਣਾ ਔਖਾ ਏ। ਕਹਾਣੀ ਮੋਹੜੀ ਵਾਲੀ ਇਹ ਗੱਲ ਬੜੀ ਰਹੱਸ ਭਰੀ ਏ ਕਿ ਬੰਦਾ ਮਰਨ ਵੇਲੇ ਆਪਣੇ ਪਿੰਡ ਨੂੰ ਕਿਉਂ ਜਾਂਦਾ ਏ? ਜਾਂ ਉਹ ਮਿੱਟੀ ਉਹਨੂੰ ਕਿਉਂ ਖਿੱਚਦੀ ਏ, ਜਿਥੇ ਉਹਦੀ ਔਲ ਦੱਬੀ ਹੁੰਦੀ ਏ? ਇਹ ਸੋਚ ਕਈ ਕਹਾਣੀਆਂ 'ਚ ਆਈ ਏ। ਪਰ ਇਹ ਕਹਾਣੀਆਂ ਉਨਾਂ ਕਹਾਣੀਆਂ ਦੇ ਮੁਕਾਬਲੇ 'ਚ

ਨਹੀਂ ਖੜ ਸਕਦੀਆਂ, ਜਿਨਾਂ 'ਚ ਜਵਾਨ ਤੇ ਅੰਨੀਆਂ ਭਾਵਨਾਵਾਂ ਨੇ। ਮਹਾਂਭਾਰਤ ਨੂੰ ਬਹੁਤੇ ਲੋਕ ਯੁੱਧ ਤਕ ਹੀ ਪੜਦੇ ਨੇ। ਬਾਦ 'ਚ ਕੀ ਹੋਇਆ। ਇਹ ਬੁੱਢੇ ਹੋਣ ਤੋਂ ਪਹਿਲਾਂ ਮੈਂ ਵੀ ਨਹੀਂ ਸੀ ਪੜਿਆ। ਹੁਣ ਪੜਿਆ ਤਾਂ ਅੱਖਾਂ ਖੁੱਲ ਗਈਆਂ।

ਫੇਰ ਵੀ ਮੈਂ ਮਨ ਆਈਆਂ ਕੀਤੀਆਂ ਨੇ। ਹੁਣ ਵੀ ਜੋ ਚਿੱਤ ਕੀਤਾ, ਉਹੀ ਲਿਖਣਾ ਏ।

**ਜਿੰਦਰ**:- ਤੁਹਾਡੀ ਵਿਲੱਖਣਤਾ ਬਾਰੇ ਸੁਤਿੰਦਰ ਸਿੰਘ ਨੂਰ ਲਿਖਦੇ ਹਨ : ''ਪ੍ਰੇਮ ਪ੍ਰਕਾਸ਼ ਅਜਿਹਾ ਕਹਾਣੀਕਾਰ ਹੈ ਜਿਸ ਦੀਆਂ ਕਹਾਣੀਆਂ ਪੜ ਕੇ ਇਉਂ ਪ੍ਰਤੀਤ ਹੁੰਦਾ ਹੈ ਕਿ ਉਸ ਕੋਲ ਬੇਦੀ, ਕ੍ਰਿਸ਼ਨ ਚੰਦਰ, ਮੰਟੋ ਜਾਂ ਹੋਰ ਭਾਰਤੀ ਕਹਾਣੀ ਦੀ ਸਰੰਚਨਾ ਜਾਂ ਪ੍ਰਤਿਮਾਨਾਂ ਦੀ ਚੇਤਨਾ ਹੈ। ਉਹ ਜਿਨਾਂ ਕਹਾਣੀਆਂ ਵਿੱਚ ਜਿਨਸੀ,ਔਰਤ–ਸੰਬੰਧਾਂ ਜਾਂ ਹੋਰ ਮਾਨਸਿਕ ਸਮੱਸਿਆਵਾਂ ਵਿੱਚ ਵਿਚਰਦੇ ਪਾਤਰਾਂ ਦਾ ਵਿਸ਼ਲੇਸ਼ਣ ਕਰਦਾ ਹੈ, ਉਨਾਂ ਨੂੰ ਪੜਦਿਆਂ ਸਾਨੂੰ ਜਾਪਦਾ ਹੈ ਕਿ ਉਹ ਮੰਟੋ ਤੋਂ ਪਾਰ ਦਾ ਕਹਾਣੀਕਾਰ ਹੈ।'' ਤੁਸੀਂ ਇਸ ਬਾਰੇ ਕੀ ਕਹਿਣਾ ਚਾਹੋਗੇ?

**ਪ੍ਰੇਮ ਪ੍ਰਕਾਸ਼**:- ਮੈਂ ਕਦੇ ਵੀ ਇੰਜ ਮਹਿਸੂਸ ਨਹੀਂ ਕੀਤਾ ਮੇਰੇ 'ਤੇ ਕਿਸੇ ਇੱਕ ਕਹਾਣੀਕਾਰ ਦਾ ਪ੍ਰਭਾਵ ਹੋਵੇ। ਇੰਜ ਸਮਝਣਾ ਵੀ ਗਲਤ ਏ। ਪ੍ਰਭਾਵ ਉਹਨਾਂ ਸਾਰੇ ਲੇਖਕਾਂ ਦਾ ਵੀ ਹੁੰਦਾ ਏ, ਜਿਨਾਂ ਦੇ ਅਸੀਂ ਨਾਂ ਵੀ ਨਹੀਂ ਜਾਣਦੇ ਹੁੰਦੇ। ਜਿਵੇਂ ਬਚਪਨ 'ਚ ਗੁਆਂਢਣ ਬੋਬੋ ਜਾਂ ਨਾਈ ਬਾਬੇ ਦੀਆਂ ਬਾਤਾਂ ਦਾ, ਰਮਾਇਣ, ਮਹਾਂਭਾਰਤ ਤੇ ਕਥਾ ਵਾਚਕਾਂ ਕੋਲੋਂ ਸੁਣੀਆਂ ਕਹਾਣੀਆਂ ਦਾ, ਪੜੇ ਇਸ਼ਕੀਆਂ ਕਿੱਸਿਆਂ ਦਾ, ਫੇਰ ਉਰਦੂ ਕਹਾਣੀਕਾਰਾਂ ਦਾ (ਮੰਟੋ, ਬੇਦੀ ਵਿਸ਼ੇਸ਼), ਵਿਦੇਸ਼ੀ ਲੇਖਕਾਂ ਦਾ ਤੇ ਅਖੀਰ 'ਚ ਆਪਣੀ ਭਾਸ਼ਾ ਪੰਜਾਬੀ 'ਚ ਲਿਖ ਰਹੇ ਸਮਕਾਲੀ ਕਹਾਣੀਕਾਰਾਂ ਦਾ। ਸਮਕਾਲੀ ਪੰਜਾਬੀ ਕਹਾਣੀਕਾਰਾਂ 'ਚੋਂ ਮੈਨੂੰ ਕੋਈ ਵੀ ਬਹੁਤਾ ਚੰਗਾ ਨਹੀਂ ਲੱਗਿਆ। ਵਿਰਕ ਵੀ ਨਹੀਂ। ਉਹਦੀਆਂ ਕਹਾਣੀਆਂ 'ਚ ਗੱਲ ਸਮਝਾਉਣ ਵਾਲਾ ਅੰਤਲਾ ਹਿੱਸਾ ਜਿਹੜਾ ਹੁੰਦਾ ਸੀ, ਮੈਂ ਉਹਦਾ ਮਜ਼ਾਕ ਉਡਾਉਂਦਾ ਹੁੰਦਾ ਸੀ। ਉਹ ਮੈਨੂੰ ਧੀਰ ਦੇ ਗਰੁੱਪ ਦਾ ਕਹਿ ਕੇ ਛੇੜਦਾ ਹੁੰਦਾ ਸੀ। ਸਆਦਤ ਹਸਨ ਮੰਟੋ ਬਹੁਤ ਵੱਡਾ ਕਹਾਣੀਕਾਰ ਏ। ਉਹਨੇ ਹਲਕੀਆਂ ਕਹਾਣੀਆਂ ਵੀ ਬਹੁਤ ਲਿਖੀਆਂ, ਪਰ ਉਹਦੀ ਉਚਾਈ ਤਕ ਪਹੁੰਚਣ ਵਾਲਾ ਹੋਰ ਭਾਰਤੀ ਕਹਾਣੀਕਾਰ ਮੈਨੂੰ ਨਹੀਂ ਲੱਭਿਆ। ਬੇਦੀ 'ਚ ਹਿੰਦੂ ਸੰਸਕਾਰਾਂ ਦੀ ਏਨੀ

ਡੂੰਘਾਈ ਸੀ ਕਿ ਉਰਦੂ ਵਾਲੇ ਵੀ ਨਹੀਂ ਸਮਝ ਸਕੇ। ਪੰਜਾਬੀ ਵਾਲਿਆਂ ਨੂੰ ਉਹ ਪ੍ਰਵਾਨ ਨਹੀਂ ਹੋਇਆ। ਬੇਦੀ ਨੇ ਉਹ ਸੰਸਕਾਰ ਆਪਣੀ ਬ੍ਰਾਹਮਣ ਮਾਤਾ ਤੋਂ ਪ੍ਰਾਪਤ ਕੀਤੇ ਸੀ। — ਜੇ ਨੂਰ ਮੈਨੂੰ ਮੰਟੋ ਦੇ ਨੇੜੇ ਵੀ ਸਮਝੇ ਤਾਂ ਵੀ ਇਹ ਵੱਡੀ ਗੱਲ ਏ।

**ਜਿੰਦਰ:-** ਤੁਸੀਂ ਇੱਕ ਥਾਂ ਕਹਿੰਦੇ ਹੋ: ''ਸ਼ੁਰੂ–ਸ਼ੁਰੂ 'ਚ ਮੈਂ ਵੀ ਹੋਰ ਲੇਖਕਾਂ ਵਾਂਗ ਘੜ ਕੇ, ਬੁਣ ਕੇ ਤੇ ਬਣਾ ਕੇ ਕਹਾਣੀ ਲਿਖਦਾ ਸੀ। ਬਾਅਦ 'ਚ ਇਹ ਸੱਚਾਵਾਦੀ ਰੂਪ ਮੈਂ ਆਪ ਤੋੜ ਦਿੱਤਾ। ਕਿਉਂਕਿ ਇਹ ਮੇਰੇ ਪ੍ਰਗਟਾਵੇ ਦੇ ਅਨਕੂਲ ਨਹੀਂ ਰਿਹਾ ਸੀ। ਸੱਚਾ ਟੁੱਟਣ ਨਾਲ ਥੋੜੀ ਬਹੁਤੀ ਮਿਹਨਤ ਮੁਸ਼ੱਕਤ ਵੱਧ ਗਈ। ਟੁਕੜੇ–ਟੁਕੜੇ ਜੋੜ ਕੇ ਤਸਵੀਰ ਪੂਰੀ ਹੋਣ ਲੱਗੀ। ਕਾਗਜ਼ ਦੇ ਪੁਰਜ਼ਿਆਂ 'ਤੇ ਟੁਕੜੇ ਲਿਖਦਾ। ਫੇਰ ਕਹਾਣੀ ਕੰਪੋਜ਼ ਹੁੰਦੀ। ਫੇਰ ਮੈਂ ਉਸ ਨੂੰ ਲਿਖਤੀ ਤਰਤੀਬ ਦਿੰਦਾ ਸੀ। ਹੁਣ ਨਾ ਤਾਂ ਕਹਾਣੀ ਸ਼ੁਰੂ ਕਰਨ ਦੀ ਕੋਈ ਮੁਸ਼ਕਿਲ, ਨਾ ਖਤਮ ਕਰਨ ਦੀ ਕਠਿਨਾਈ। ਕਦੇ–ਕਦੇ ਕਹਾਣੀ ਸ਼ੁਰੂ ਹੀ ਅੰਤ ਤੋਂ ਹੁੰਦੀ ਹੈ। ਉਸਦਾ ਸੱਚਾ ਆਪਣੇ ਆਪ ਬਣਦਾ ਹੈ। ਮੈਂ ਸਿਰਫ ਸੋਚਦਾ ਹਾਂ ਤੇ ਲਿਖਦਾ ਹਾਂ।'' (ਕੀਰਤੀ ਕੇਸਰ ਦੀ ਦੈਨਿਕ ਟ੍ਰਿਬਿਊਨ 'ਚ ਛਪੀ ਇੰਟਰਵਿਉ) ਤਹਾਡੇ ਇਨਾਂ ਵਿਚਾਰਾਂ ਨੂੰ ਲੈ ਕੇ ਹੀ ਮੈਂ ਕੁਝ ਇੱਕ ਸੁਆਲ ਪੁੱਛ ਰਿਹਾ ਹਾਂ: ਤੁਹਾਡਾ ਸੋਚਣ ਤੋਂ ਕੀ ਭਾਵ ਹੈ? ਇਹ ਰਹੱਸ ਜਿਹਨੂੰ ਤੁਸੀਂ ਲਿਖਣਾ ਕਹਿੰਦੇ ਹੋ, ਇਹ ਕੀ ਹੈ? ਤੁਹਾਨੂੰ ਲਿਖਣਾ ਸੋਖਾਲਾ ਲੱਗਦਾ ਹੈ ਤਾਂ ਇੰਨੀ ਧੀਮੀ ਗਤੀ ਨਾਲ ਲਿਖਣ ਪਿੱਛੇ ਕੀ ਤੁਸੀਂ ਕੋਈ ਯੋਜਨਾ ਉਲੀਕੀ ਹੋਈ ਹੈ।?

**ਪ੍ਰੇਮ ਪ੍ਰਕਾਸ਼:-** ਉਪਰਲੀ ਗੱਲ ਮੈਂ ਤਾਂ ਕਿਤੇ ਲਿਖੀ ਨਹੀਂ, ਕੀਰਤੀ ਨੇ ਸੁਣ ਸੁਣਾ ਕੇ ਬਣਾਈ ਹੋਵੇਗੀ। ਮੈਂ ਸੱਚਾਵਾਦੀ ਸ਼ਬਦ ਕਦੇ ਵੀ ਨਹੀਂ ਵਰਤਿਆ। ਮਿਹਨਤ ਮੁਸ਼ੱਕਤ ਵਧਣ ਵਾਲੀ ਗੱਲ ਵੀ ਮੈਨੂੰ ਠੀਕ ਨਹੀਂ ਲੱਗਦੀ। ਉਜ ਇਹ ਹੋ ਸਕਦਾ ਏ ਕਿ ਕਹਾਣੀ ਦੇ ਲਿਖੇ ਜਾਣ ਬਾਰੇ ਮੈਂ ਅਜਿਹਾ ਕੁਝ ਕਿਹਾ ਹੋਵੇ। ਸੋਚਣ ਤੋਂ ਸਿੱਧਾ ਭਾਵ ਤਾਂ ਇਹ ਵੇ ਕਿ ਸਾਡਾ ਦਿਮਾਗ ਹਰ ਸਮੇਂ ਆਪਣੀ ਸਰਗਰਮੀ ਜਾਰੀ ਰੱਖਦਾ ਏ। ਅਸੀਂ ਬੀਤੇ ਬਾਰੇ, ਬੀਤ ਰਹੇ ਬਾਰੇ ਤੇ ਬੀਤਣ ਵਾਲੇ ਬਾਰੇ ਸੋਚਦੇ ਹੀ ਰਹਿੰਦੇ ਹਾਂ। ਆਪਣੇ ਅਨੁਭਵਾਂ ਦੇ ਪਹਿਲੂਆਂ 'ਤੇ ਵਿਚਾਰ ਕਰਦਿਆਂ ਕਈ ਘਟਨਾਵਾਂ ਤੇ ਗੱਲਾਂ ਕਿਸੇ ਨੂੰ ਦੱਸਣ ਤੇ ਫੇਰ ਕਹਾਣੀ ਜੋੜਨ ਲਈ ਜੀਅ ਕਰਨ ਲੱਗ ਪੈਂਦਾ ਏ। ਜੇ ਘੜਣ ਦਾ ਅਮਲ ਤੇਜ਼ ਹੋ ਜਾਂਦਾ ਏ ਤਾਂ ਆਦਤ ਜਿਹੀ ਬਣ ਜਾਂਦੀ

ਏ। ਸੋਚਾਂ ਕਹਾਣੀਆਂ ਦੇ ਟੁਕੜੇ ਬਣਨ ਲੱਗ ਪੈਂਦੀਆਂ ਨੇ। ਟੁਕੜੇ ਜੁੜਨ ਲੱਗ ਪੈਂਦੇ ਨੇ। ਇਹੀ ਸੋਚ ਤੋਂ ਭਾਵ ਏ। ਲਿਖਤਾਂ ਦਾ ਰਹੱਸ ਵੀ ਇਹੀ ਏ। ਰਹੱਸ ਏਸ ਨਾਲ ਏ ਕਿ ਇਹ ਕੰਮ ਮੇਰੀ ਮਰਜ਼ੀ ਨਾਲ ਨਹੀ ਹੁੰਦਾ। ਜਾਂ ਨਤੀਜਾ ਮੇਰੀ ਮਰਜ਼ੀ ਅਨੁਸਾਰ ਨਹੀਂ ਹੁੰਦਾ। ਏਸੇ ਲਈ ਕਦੇ ਕਹਾਣੀ ਜੁੜਦੀ ਏ ਤੇ ਕਦੇ ਨਹੀਂ। ਕਦੇ ਸਾਲ 'ਚ ਤਿੰਨ ਜਾਂ ਚਾਰ ਕਹਾਣੀਆਂ ਲਿਖ ਹੋ ਜਾਂਦੀਆਂ ਸਨ ਤੇ ਹੁਣ ਮਸਾਂ ਇੱਕ ਜਾਂ ਦੋ। ਮੈਂ ਤਾਂ ਕਹਿੰਦਾ ਹਾਂ ਕਿ ਕਹਾਣੀ ਲਿਖਣਾ ਮੇਰੇ ਵੱਸ 'ਚ ਨਹੀਂ। ਕੋਈ ਯੋਜਨਾ ਬਾਰੇ ਤਾਂ ਸੋਚਿਆ ਹੀ ਨਹੀਂ ਜਾ ਸਕਦਾ।

**ਜਿੰਦਰ:-** ਸਾਡੇ ਸਮਾਜ ਦੇ ਇਤਿਹਾਸ 'ਚ ਕੁਝ ਇੱਕ ਔਰਤਾਂ ਨੇ ਕੁਝ ਇੱਕ ਖੇਤਰਾਂ 'ਚ ਨਾਮਣਾ ਖੱਟਿਆ। ਸਿਰਫ ਕੁਝ–ਇੱਕ ਔਰਤਾਂ ਨੇ ਉਨਾਂ ਦਾ ਵੀ ਕਾਫੀ ਵਿਰੋਧ ਹੋਇਆ ਸੀ। ਨਹੀਂ ਤਾਂ ਔਰਤ ਦਾ ਬਿੰਬ Polite, emotional,sentimental ਆਦਿ ਸ਼ਬਦਾਂ ਨਾਲ ਜੁੜਿਆ ਹੈ। ਵਾਤਸਾਇਨ ਵੀ 'ਕਾਮ ਸੂਤਰ' ਦੇ ਅਧਿਆਇ ਨੰ. ਪੰਜ 'ਚ ਔਰਤ ਨੂੰ ਸੰਗਾਊ ਮੰਨਦਾ ਹੈ। ਇਓ ਹੀ 'ਰਿਗਵੇਦ' 'ਚ ਔਰਤ ਬਾਰੇ ਲਿਖਿਆ ਹੈ,''ਮੈਂ ਆਪਣੇ ਪਤੀ ਨਾਲ ਸੌਂਵਾਂ , ਉਸਨੂੰ ਪਤੀ ਮੰਨ ਕੇ ਉਸ ਦੀ ਪਤਨੀ ਬਣ ਕੇ ਰਹਾਂ। ਉਸਨੂੰ ਆਪਣਾ ਸਰੀਰ ਅਰਪਣ ਕਰਾਂ।'' ਪਰ ਤੁਹਾਡੇ ਕਥਾ ਸੰਸਾਰ 'ਚ ਔਰਤਾਂ ਵਿਦਰੋਹ ਕਰਦੀਆਂ ਹਨ, ਉਹ ਆਪਣੇ ਪਤੀ ਤੋਂ ਅਸੰਤੁਸ਼ਟ ਹਨ। ਮਰਦ ਉਨਾਂ ਸਾਹਮਣੇ ਬੌਣਾ ਹੋ ਰਿਹਾ ਹੈ?

**ਪ੍ਰੇਮ ਪ੍ਰਕਾਸ਼:-**ਇਸਤ੍ਰੀਆਂ 'ਚ ਉਹ ਸਭ ਗੁਣ ਔਗਣ ਨੇ, ਜਿਹੜੇ ਮਰਦਾਂ 'ਚ ਹੁੰਦੇ ਨੇ। ਇੱਕ ਤਾਂ ਸਮਾਜਕ ਵਿਵਸਥਾ ਨੇ ਦੋਹਾਂ ਦੇ ਰੋਲ ਵੱਖ–ਵੱਖ ਕਰ ਦਿੱਤੇ ਨੇ ਤੇ ਦੂਜੇ ਇਸਤ੍ਰੀ ਦੀ ਸਰੀਰਕ ਬਣਤਰ ਕਰਕੇ ਬਣੀ ਪ੍ਰਵਿਰਤੀ ਨੇ। ਗਰਭ ਧਾਰਨ ਕਾਰਨ, ਬੱਚਾ ਜੰਮਣਾ, ਪਾਲਣਾ ਤੇ ਫੇਰ ਨਾ ਜੰਮ ਹੋਣ ਦਾ ਦੁੱਖ ਸਹਿਣਾ। ਇਹ ਗੱਲਾਂ ਮਰਦ ਤੋਂ ਵੱਖਰੀਆਂ ਨੇ। ਇਹਨਾਂ ਕਰਕੇ ਹੀ ਮਰਦ ਨੇ ਉਹਨੂੰ ਅਧੀਨ ਕੀਤਾ ਹੋਇਆ ਏ। ਸਿਰਫ ਸਾਡੇ ਸਮਾਜ 'ਚੋਂ ਹੀ ਨਹੀਂ, ਦੁਨੀਆਂ ਦੀਆਂ ਸਾਰੀਆਂ ਸੰਸਕ੍ਰਿਤੀਆਂ 'ਚ ਇਵੇਂ ਹੋਇਆ ਏ। ਇਸਤ੍ਰੀ ਮਰਦ ਨਾਲੋਂ ਸਰੀਰ 'ਚ ਕਮਜ਼ੋਰ ਰਹੀ ਏ, ਕਮਜ਼ੋਰ ਹੀ ਰਵੇਗੀ। ਪਰ ਇਹਦਾ ਮਤਲਬ ਇਹ ਨਹੀਂ ਕਿ ਉਹ ਹਰੇਕ ਔਰਤ ਮਰਦ ਦੇ ਥੱਲੇ ਲੱਗ ਕੇ ਹੀ ਰਹੇ। ਏਸੇ ਲਈ ਮੇਰੀਆਂ ਕਹਾਣੀਆਂ ਦੇ ਇਸਤ੍ਰੀ ਪਾਤਰ ਮਰਦ ਦੇ ਦਾਬੇ ਦਾ ਵਿਰੋਧ ਕਰਦੇ ਨੇ। ਵਿਦਰੋਹੀ ਹੁੰਦੇ ਨੇ।

ਤੇਰੀ ਇਹ ਗੱਲ ਗਲਤ ਏ ਕਿ ਮੇਰੀਆਂ ਕਹਾਣੀਆਂ 'ਚ ਉਹਨਾਂ ਔਰਤਾਂ ਸਾਹਮਣੇ ਮਰਦ ਬੌਣਾ ਹੁੰਦਾ ਏ। ਇਹ ਤਾਂ ਹਰੇਕ ਪਾਤਰ ਦੀ ਆਪਣੀ-ਆਪਣੀ ਸਮਰੱਥਾ ਹੁੰਦੀ ਏ। ਇਹ ਬੌਣਾ ਸ਼ਬਦ ਮੈਨੂੰ ਫਜ਼ੂਲ ਲੱਗਦਾ ਏ। ਕਮਜ਼ੋਰ ਹੋ ਸਕਦਾ ਏ। ......ਆਦਮੀ ਅਸਹਾਇ ਉਵੇਂ ਹੁੰਦਾ ਏ, ਜਿਵੇਂ ਇਸਤ੍ਰੀ ਹੁੰਦੀ ਏ। ਕਹਾਣੀ ਦਾ ਆਪਣਾ ਆਪਣਾ ਕਥਾਨਕ ਹੁੰਦਾ ਏ। ਕਿਸੇ 'ਚ ਨਰ ਜਾਂ ਨਾਰੀ ਦਾ ਰੂਪ ਕੋਈ ਹੁੰਦਾ ਏ ਤੇ ਕਿਸੇ 'ਚ ਕੋਈ।

**ਜਿੰਦਰ:-** ਇਹ ਦੇਖਿਆ ਗਿਆ ਹੈ ਕਿ ਮਨੁੱਖ ਜਦੋਂ ਦਾ ਸੱਭਿਅਕ ਹੋਇਆ ਹੈ –ਉਸਨੇ ਕੁਝ ਸਮਾਜਿਕ ਢੰਗ ਤਰੀਕੇ ਉਲੀਕੇ ਹਨ। ਰਿਗਵੇਦ 'ਚ ਸਿਰਫ ਯਮ ਤੇ ਯਮੀ ਦਾ ਕਿੱਸਾ ਆਓਂਦਾ ਹੈ। ਉਹ ਦੋਵੇਂ ਭੈਣ ਭਰਾ ਸਨ। ਰੋਮ ਦੇ ਮਿਥਿਹਾਸ 'ਚ ਸੋਫੋਕਲੀਜ਼ ਦਾ ਡਰਾਮਾ 'ਈਡੀਪਸ' ਹੈ। ਈਡੀਪਸ ਦੇਵਤਿਆਂ ਦੇ ਸਰਾਪ ਵੱਸ ਅਗਿਆਨਤਾ 'ਚ ਆਪਣੀ ਮਾਂ ਨਾਲ ਵਿਆਹ ਕਰਵਾਉਂਦਾ ਹੈ ਤੇ ਬੱਚੇ ਪੈਦਾ ਹੋਣ ਉਪਰੰਤ ਆਖਰ 'ਚ ਅੰਨਾ ਹੋ ਜਾਂਦਾ ਹੈ। ਮੇਰੇ ਕਹਿਣ ਦਾ ਭਾਵ ਹੈ ਕਿ ਯੌਨ ਸੰਬੰਧਾਂ ਦੀਆਂ ਵੀ ਬੰਦਸ਼ਾਂ ਉਲੀਕੀਆਂ ਹੋਈਆਂ ਹਨ। ਨੈਤਿਕ ਕਦਰਾਂ ਕੀਮਤਾਂ ਰੱਖੀਆਂ ਹਨ। ਤੁਹਾਡੀਆਂ ਕਈ ਇੱਕ ਕਹਾਣੀਆਂ –ਜੇ ਨਾਂ ਲੈਣ ਹੋਣ ਤਾਂ ਮੁਕਤੀ, ਬਾਪੂ, ਗੜੀ, ਸ਼ੋਲਡਰ ਬੈਗ, ਬਿੱਲੀਆਂ, ਰੀਹਸਲ ਅਦਿ 'ਚ ਇਹ ਮਨੌਤਾਂ ਟੁੱਟੀਆਂ ਹਨ। 'ਬਿੱਲੀਆਂ' 'ਚ ਇਹ ਸਭ ਕੁਝ ਆਪਣੀ ਹਾਈਟ 'ਤੇ ਜਾ ਪਹੁੰਚਿਆ ਹੈ। ਪਿਉ ਪੁੱਤ–ਨੌਂਹ ਨਾਲ ਸੈਕਸ ਕਰਦਾ ਹੈ। ਕੀ ਅਜਿਹਾ ਕੁਝ ਤੁਹਾਡੇ ਅਚੇਤ ਮਨ 'ਚ ਪਹਿਲਾਂ ਤੋਂ ਪਿਆ ਸੀ?

**ਪ੍ਰੇਮ ਪ੍ਰਕਾਸ਼:-** ਜਦ ਸਮਾਜ ਦਾ ਸੰਗਠਨ ਹੁੰਦਾ ਏ ਤਾਂ ਬਹੁਤ ਸਾਰੀਆਂ ਵਰਜਣਾਂ ਬਣਾਈਆਂ ਜਾਂਦੀਆਂ ਨੇ। ਉਹਨਾਂ ਦੀ ਜੜ 'ਚ ਹੀ ਉਲੰਘਣਾ ਹੁੰਦੀ ਏ। ਉਲੰਘਣਾ ਕਰਨ ਵਾਲਿਆਂ ਨੂੰ ਦੰਡ ਮਿਲਦਾ ਏ। ਫੇਰ ਵਰਜਣਾਂ ਦੀਆਂ ਸੀਮਾਵਾਂ ਬਦਲਦੀਆਂ ਰਹਿੰਦੀਆਂ ਨੇ। ਇਹ ਸਿਲਸਿਲਾ ਅਨਾਦੀ ਕਾਲ ਤੋਂ ਤੁਰਿਆ ਹੋਇਆ ਏ। ਇਵੇਂ ਤੁਰਦਾ ਰਹਿਣਾ ਏ। ਇਹ ਮਨੁੱਖ ਦੀ ਫਿਤਰਤ ਏ। ਮਹਾਂਭਾਰਤ ਅਜਿਹੇ ਪ੍ਰਸੰਗਾਂ ਨਾਲ ਭਰਿਆ ਪਿਆ ਗ੍ਰੰਥ ਏ। ਜਿਨਾਂ ਨੇ ਸਾਡਾ ਪੁਰਾਣਾ ਸਾਹਿਤ ਪੜ੍ਹ ਕੇ ਵਿਚਾਰਿਆ ਨਹੀਂ, ਉਹਨਾਂ ਲਈ ਅਜਿਹੇ ਸੰਕਟ ਪੈਦਾ ਹੁੰਦੇ ਨੇ ਕਿ ਇਹ ਕੀ ਲਿਖਿਆ ਜਾਣ ਲੱਗ ਪਿਆ ਏ। ਸਮਾਜ 'ਚ ਤਾਂ ਹੋਰ ਬੜਾ ਕੁੱਝ ਹੁੰਦਾ

ਏ। ਇਥੇ ਸਵਾਲ ਸਿਰਫ ਇਹ ਬਣ ਜਾਂਦਾ ਏ ਕਿ ਅਸੀਂ ਕੀ ਲਿਖਣਾ ਏ? ਮੇਰੀਆਂ ਕਹਾਣੀਆਂ 'ਚ ਕੇਵਲ ਯੌਨ ਸੰਬੰਧ ਹੀ ਨਹੀਂ, ਇਸਤ੍ਰੀ ਪੁਰਸ਼ ਆਪਣੇ ਪੂਰੇ ਸਮਾਜੀ ਹਾਲਾਤ ਨਾਲ ਤੇ ਸੰਸਕ੍ਰਿਤੀ ਦੇ ਘੇਰੇ 'ਚ ਆਪਣੇ ਅੰਤਰਮਨ ਦੇ ਸੰਪੂਰਨ ਵਿਵਧਾਨ ਨਾਲ ਪੇਸ਼ ਹੁੰਦੇ ਨੇ। –ਪਰ ਜ਼ਰੂਰੀ ਨਹੀਂ ਕਿ ਹਰੇਕ ਉਹਨਾਂ ਗੱਲਾਂ ਨੂੰ ਜਾਣ ਸਕੇ। ਮਾੜੇ ਜਾਂ ਮੋਟੀ ਬੁੱਧੀ ਦੇ ਪਾਠਕ ਤਾਂ ਸਿਰਫ ਚਟਖਾਰੇ ਲੈਣ ਨੂੰ ਪੜਦੇ ਨੇ। ਜਿਹੜੀ ਗੱਲ ਤੂੰ ਯਮ ਯਮੀ ਜਾਂ ਭੈਣ ਭਰਾ ਦੇ ਰਿਸ਼ਤੇ ਦੀ ਕੀਤੀ ਏ, ਉਹਦੇ ਬਾਰੇ ਇਹ ਸਮਝ ਕਿ ਇਹ ਰਿਸ਼ਤੇ ਹਰੇਕ ਸਮਾਜ ਨੇ ਆਪਣੀਆਂ ਲੋੜਾਂ ਤੇ ਗਿਆਨ ਅਨੁਸਾਰ ਬਣਾਏ। ਭਾਰਤੀ ਸਮਾਜ 'ਚ ਇਹਦੇ ਕਈ ਰੂਪ ਮਿਲਦੇ ਨੇ। ਅਸੀਂ ਹੁਣ ਮਾਸੀ ਜਾਂ ਮਾਮੇ ਦੀ ਧੀ ਨੂੰ ਭੈਣ ਮੰਨਦੇ ਹਾਂ। ਪਰ ਪੱਛਮੀ ਪੰਜਾਬ ਤੋਂ ਆਏ ਅਰੋੜੇ ਉਹਨਾਂ ਨਾਲ ਵਿਆਹ ਕਰ ਸਕਦੇ ਨੇ। ਉਵੇਂ ਜਿਵੇਂ ਮਹਾਂਭਾਰਤ 'ਚ ਕ੍ਰਿਸ਼ਨ ਆਪਣੀ ਭੈਣ ਸੁੱਭਦਰਾ ਨੂੰ ਆਪਣੀ ਭੂਆ ਦੇ ਪੁੱਤ ਅਰਜਨ ਨਾਲ ਭਜਾ ਦੇਂਦਾ ਏ। ਕੁੰਤੀ ਦੇ ਪੁੱਤ ਵੱਖ–ਵੱਖ ਪਤੀਆਂ ਤੋਂ ਹੋਏ ਤੇ ਦਰੋਪਦੀ ਦੇ ਪੰਜ ਪਤੀ ਹੋਣੇ ਅੱਜ ਸਾਨੂੰ ਠੀਕ ਨਹੀਂ ਲੱਗਦੇ, ਪਰ ਉਸ ਸਮਾਜ ਨੂੰ ਠੀਕ ਲੱਗਦੇ ਸਨ। ਇਹ ਨੈਤਿਕਤਾ ਤਾਂ ਬਦਲਦੀ ਹੀ ਰਹਿੰਦੀ ਏ।

**ਜਿੰਦਰ**:- ਤੁਹਾਡੀ ਕਹਾਣੀ 'ਬੰਗਲਾ' 'ਚ ਜੱਟ ਜਮਾ ਖਤਰਾਣੀ; 'ਘਰ' 'ਚ ਜੱਟ ਜਮਾ ਬ੍ਰਾਹਮਣੀ ਅਤੇ 'ਗੋਈ' 'ਚ ਜੱਟ ਜਮਾ ਅਰੋੜੀ ਦਾ ਅੰਤਰ ਜਾਤੀ ਵਿਆਹ ਹੋਇਆ ਹੈ। ਪਰ ਉਨਾਂ 'ਚ ਕਿਤੇ ਨਾ ਕਿਤੇ ਦੂਰੀਆਂ ਹਨ, ਉਦਾਸੀਨਤਾ ਹੈ। ਇਉਂ ਹੀ ਕਹਾਣੀ 'ਅਨਸ਼ਠਾਨ' 'ਚ ਵੀ ਅੰਤਰ–ਜਾਤੀ ਸੰਬੰਧ ਵੀ ਹਨ ਅਤੇ ਵਖਰੇਵਾਂ ਵੀ। ਇਨ੍ਹਾਂ ਦਾ ਅਧਾਰ ਕੀ ਹੈ?

**ਪ੍ਰੇਮ ਪ੍ਰਕਾਸ਼**:- ਇਹ ਤਾਂ ਜਾਤਾਂ, ਉਪਜਾਤਾਂ ਦੇ ਸੱਭਿਆਚਾਰ ਤੇ ਉਪ ਸੱਭਿਆਚਾਰ ਦੇ ਟਕਰਾਓ ਦੀਆਂ ਕਹਾਣੀਆਂ ਨੇ। ਪ੍ਰਗਤੀਵਾਦੀਆਂ ਨੇ ਅਜਿਹੀਆਂ ਗੱਲਾਂ ਸੋਚਣ ਤੋਂ ਵਰਜਿਆ ਹੋਇਆ ਸੀ। ਮੈਂ ਰੋਕ ਮੰਨਦਾ ਨਹੀਂ ਸੀ। ਏਸੇ ਸੋਚ ਨੇ ਇਹ ਕਹਾਣੀਆਂ ਲਿਖਵਾਈਆਂ। ਇਹ ਅੰਤਰ ਜਾਤੀ ਸੰਬੰਧ ਜਾਂ ਰਿਸ਼ਤੇ ਕੋਈ ਨਵੀਂ ਗੱਲ ਨਹੀਂ। ਮਹਾਂਭਾਰਤ 'ਚ ਵੀ ਅਜਿਹੇ ਪ੍ਰਸੰਗ ਆਉਂਦੇ ਨੇ। –ਪੰਜਾਬੀ ਸਾਹਿਤ 'ਚ ਜੱਟ ਤੇ ਸੀਰੀ ਵਿਚਕਾਰ ਆਰਥਿਕ ਰਿਸ਼ਤਿਆਂ ਦੀਆਂ ਗੱਲਾਂ ਹੋਈਆਂ ਪਰ ਸਮਾਜੀ ਪੱਧਰ ਦੀਆਂ ਉਲਝਣਾਂ ਬਾਰੇ

ਨਹੀਂ ਲਿਖਿਆ ਗਿਆ। ਸਾਡੇ ਸਮਾਜ 'ਚ ਜਾਤੀ ਉਪਜਾਤੀ ਗੋਰਖਧੰਦਾ ਬੜਾ ਗੁੰਝਲਦਾਰ ਏ। ਇਹਦਾ ਪ੍ਰਭਾਵ ਮੇਰੀਆਂ ਹੋਰ ਬਹੁਤ ਸਾਰੀਆਂ ਕਹਾਣੀਆਂ 'ਚ ਵੀ ਲੱਭਦਾ ਏ।

ਮੈਂ ਜ਼ਿੰਦਗੀ ਨੂੰ 'ਸਿਰਫ ਆਰਥਿਕਤਾ' 'ਚੋਂ ਕੱਢ ਕੇ ਸਾਂਸਕ੍ਰਿਤਕ ਧਰਾਤਲ ਤੇ ਲਿਆ ਕੇ ਦੇਖਿਆ ਤੇ ਸਮਝਿਆ ਏ। ਮੇਰੀਆਂ ਕਹਾਣੀਆਂ ਸਮਝਣ ਲਈ ਉਸ ਸੱਭਿਆਚਾਰ ਨੂੰ ਸਮਝਣਾ ਜ਼ਰੂਰੀ ਏ।

**ਜਿੰਦਰ:**- ਤੁਸੀਂ ਮੰਨਦੇ ਹੋ ਕਿ ਤੁਹਾਡਾ ਵਿਰਸਾ ਕੇਵਲ ਉਰਦੂ ਸਾਹਿਤ ਹੈ, ਪਰ ਕਹਾਣੀਕਾਰ ਦੇ ਤੌਰ 'ਤੇ ਤੁਸੀਂ ਪੰਜਾਬੀ 'ਚ ਸਥਾਪਤ ਹੋ ਗਏ ਹੋ –ਕੀ ਤੁਹਾਡਾ ਪੰਜਾਬੀ ਭਾਸ਼ਾ ਨਾਲ ਕੋਈ ਮੋਹ ਸੀ?

**ਪ੍ਰੇਮ ਪ੍ਰਕਾਸ਼:**-ਵਿਰਸਾ ਤਾਂ ਬਹੁਤ ਵਿਸ਼ਾਲ ਹੁੰਦਾ ਏ। ਉਹਦੇ ਵਿੱਚ ਲੋਕ ਕਹਾਣੀਆਂ, ਧਾਰਮਕ ਕਥਾਵਾਂ–ਸਾਰੀਆਂ ਭਾਸ਼ਾਵਾਂ ਦਾ ਸਾਹਿਤ ਸ਼ਾਮਲ ਹੁੰਦਾ ਹੁੰਦਾ ਏ। ਇਹ ਗੱਲ ਮੈਂ ਕਿਸੇ ਹੋਰ ਸਵਾਲ ਦੇ ਜਵਾਬ 'ਚ ਵੀ ਲਿਖੀ ਏ। - ਮੈਂ ਉਰਦੂ 'ਚ ਲਿਖਣਾ ਚਾਹੁੰਦਾ ਸੀ। ਜੇ ਦੇਸ਼ ਦੀ ਵੰਡ ਨਾ ਹੁੰਦੀ ਤਾਂ ਮੈਂ ਸ਼ਾਇਦ ਉਰਦੂ 'ਚ ਹੀ ਲਿਖਦਾ। ਪਰ ਜਦ ਮੈਂ ਲਿਖਣ ਲੱਗਿਆ ਤਾਂ ਪ੍ਰਗਤੀਸ਼ੀਲ ਸਾਹਿਤ ਲਹਿਰ ਨੇ ਮਾਤ ਭਾਸ਼ਾ ਦਾ ਪਿਆਰ ਜਗਾਇਆ। ਮੈਨੂੰ ਵੀ ਲੱਗਿਆ ਕਿ ਆਪਣੀ ਭਾਸ਼ਾ 'ਚ ਹੀ ਹਰ ਕਿਸਮ ਦੀ ਗੱਲ ਠੀਕ ਤਰ੍ਹਾਂ ਕਹੀ ਜਾ ਸਕਦੀ ਏ। ਫੇਰ ਪੰਜਾਬੀ ਭਾਸ਼ਾ ਦੀ ਜ਼ਬਰਦਸਤ ਸ਼ਕਤੀ ਦਾ ਪਤਾ ਲੱਗਿਆ। ਪੰਜਾਬੀ ਨਾਲ ਮੋਹ ਉਦੋਂ ਢੈਲਾ ਵੀ ਹੋਇਆ, ਜਦ ਅਹਿਸਾਸ ਹੋਇਆ ਕਿ ਏਨੀ ਉਮਰ ਤਕ ਕਹਾਣੀਆਂ ਲਿਖ ਕੇ ਵੀ ਏਸ ਤੋਂ ਮੈਨੂੰ ਚਾਹ ਨਹੀਂ ਮਿਲਣ ਲੱਗੀ। ਫੇਰ ਇਹ ਦੁੱਖ ਘਟ ਗਿਆ। ਹੁਣ ਨਾਸ਼ਤਾ ਮਿਲ ਜਾਂਦਾ ਏ।

**ਜਿੰਦਰ:**-ਕਿਹਾ ਜਾਂਦਾ ਹੈ ਕਿ ਲੇਖਕ ਦਾ ਅਕਸ ਉਹਦੀਆਂ ਲਿਖਤਾ 'ਚੋਂ ਉਭਰਦਾ ਹੈ। ਜੇ ਲੇਖਕ ਨੂੰ ਜਾਣਨਾ ਹੋਵੇ ਤਾਂ ਉਹਦੇ ਸਮੁੱਚੇ ਸਾਹਿਤ ਨੂੰ ਪੜ੍ਹਨਾ ਚਾਹੀਦਾ ਹੈ। ਮੈਂ ਤੁਹਾਡਾ ਅਕਸ ਕਈ ਇੱਕ ਕਹਾਣੀਆਂ 'ਚੋਂ ਲੱਭਣ ਦੀ ਕੋਸ਼ਿਸ਼ ਕੀਤੀ। ਬਾਪੂ, ਮੋਹੜੀ, ਗੜ੍ਹੀ, ਗੋਈ, ਲੱਛਮੀ ਆਦਿ ਕਹਾਣੀਆਂ 'ਚੋਂ ਤੁਹਾਡੇ ਬਾਰੇ ਆਂਸ਼ਿਕ ਰੂਪ 'ਚ ਇਸ਼ਾਰੇ ਮਿਲਦੇ ਹਨ–ਪਰ

ਭਰਵੇਂ ਰੂਪ 'ਚ ਕੁਝ ਹੱਥ ਨਹੀਂ ਆਉਂਦਾ। ਫੇਰ ਕੀ ਕਾਰਨ ਹਨ ਕਿ ਤੁਹਾਡਾ ਆਪਣਾ ਅਕਸ ਨਹੀਂ ਮਿਲ ਰਿਹਾ?

**ਪ੍ਰੇਮ ਪ੍ਰਕਾਸ਼:-** ਏਸ ਕੰਮ ਲਈ ਤਾਂ ਬਹੁਤ ਵੱਡੇ ਗਿਆਨ, ਅਨੁਭਵ ਤੇ ਵਰਿਆਂ ਦੀ ਸਾਧਨਾ ਦੀ ਲੋੜ ਏ। –ਪਰ ਫੇਰ ਵੀ ਜ਼ਰੂਰੀ ਨਹੀਂ ਕਿ ਲੱਭ ਪਵੇ। ਨਾਲੇ ਜੇ ਦਸ ਜਣੇ ਲੱਭਣ ਲੱਗਣ ਤਾਂ ਸਾਰੇ ਜਣੇ ਦਸ ਅਕਸ ਚੁੱਕੀ ਫਿਰਨਗੇ। ਤੂੰ ਤਾਂ ਕਹਾਣੀਆਂ 'ਚੋਂ ਲੱਭਦਾ ਫਿਰਦਾ ਏਂ, ਜੀਹਦੇ ਵਿੱਚ ਪਤਾ ਨਹੀਂ ਕਿੰਨੇ ਹੀ ਪਾਤਰ ਘੁਲੇ ਮਿਲੇ ਹੋਏ ਪਏ ਹੁੰਦੇ ਨੇ, ਕਿਸੇ ਦਾ ਅਕਸ ਤਾਂ ਉਹ ਵੀ ਨਹੀਂ ਲੱਭ ਸਕਦੇ ਜਿਹੜੇ ਅੱਧੀ ਸਦੀ ਨਾਲ ਨਾਲ ਰਹੇ ਹੋਣ। ਮੇਰਾ ਇੱਕ ਦੋਸਤ ਕਹਿੰਦਾ ਏ—''ਮੈਂ ਤੈਨੂੰ ਸਭ ਸਮਝਦੈਂ, ਤੀਹ ਸਾਲਾਂ ਤੋਂ ਤੇਰੇ ਨਾਲ ਹਾਂ।''—ਇਹਦੇ ਜਵਾਬ 'ਚ ਮੈਂ ਕਹਿੰਦਾ ਹੁੰਦਾ—''ਮੈਂ ਤਾਂ ਤੈਨੂੰ ਅੱਧਾ ਵੀ ਨਹੀਂ ਜਾਣ ਸਕਿਆ ਤੀਹ ਸਾਲਾਂ 'ਚ।''– ਬੰਦਾ ਤਾਂ ਸਾਰੀ ਉਮਰ ਆਪਣੇ ਆਪ ਨੂੰ ਵੀ ਨਹੀਂ ਸਮਝ ਸਕਦਾ।

ਜਦ ਬੰਦਾ ਤੀਹ ਸਾਲ ਕਿਸੇ ਦੇ ਨਾਲ ਰਹਿੰਦਾ ਏ ਤਾਂ ਉਹਨੂੰ ਪਤਾ ਹੀ ਨਹੀਂ ਲੱਗਦਾ ਕਿ ਬੰਦਾ ਦਿਨੋ ਦਿਨ ਕਿਵੇਂ ਬਦਲਦਾ ਗਿਆ ਹੁੰਦਾ ਏ। ਦੋਵੇਂ ਬਦਲਦੇ ਇੱਕ ਦੂਜੇ ਨੂੰ ਜਾਣਦੇ ਅਣਜਾਣ ਵੀ ਬਣਦੇ ਰਹਿੰਦੇ ਨੇ। —ਇਹ ਵੇ ਬੰਦੇ ਦੀ ਦਾਸਤਾਂ। ਤੂੰ ਸਾਹਿਤ 'ਚੋਂ ਮੇਰਾ ਅਕਸ ਲਭਦੈਂ –ਜਿਥੇ ਹਜ਼ਾਰਾਂ ਮਿਲਾਵਟਾਂ ਨਾਲ ਨਿੱਕਾ ਜਿਹਾ ਪਾਤਰ ਉੱਸਰਦਾ ਏ।

**ਜਿੰਦਰ**:-ਇੱਕ ਵਾਰ ਕਿਸੇ ਨੇ ਭੀਸ਼ਮ ਸਾਹਨੀ ਤੋਂ ਪੁੱਛਿਆ ਸੀ ਕਿ ਸੌ ਸਾਲ ਬਾਅਦ ਕਿਹੜਾ ਸਾਹਿਤ ਬਚੇਗਾ ਤਾਂ ਉਨਾਂ ਕਿਹਾ ਸੀ ਕਿ ਬਹੁਤਾ ਸਾਹਿਤ ਸਿਰਫ ਲਾਇਬਰੇਰੀਆਂ ਦਾ ਸ਼ਿੰਗਾਰ ਬਣੇਗਾ। ਕੁੱਝ ਚਿਰ ਪਿੱਛੋਂ ਇਨਾਂ ਨੂੰ ਕੀੜੇ ਖਾ ਜਾਣਗੇ। ਇਹ ਜਲਦੀ ਹੀ ਮਿੱਟੀ ਹੋ ਜਾਵੇਗਾ। ਕੁਝ ਕਿਤਾਬਾਂ ਪਹਿਲਾਂ ਯੂਨੀਵਰਸਿਟੀਆਂ ਦੇ ਕੋਰਸਾਂ 'ਚ ਲੱਗਣਗੀਆਂ। ਉਨਾਂ ਤੇ ਢੇਰ ਸਾਰਾ ਕੰਮ ਹੋਵੇਗਾ ਤੇ ਇਹ ਸਾਰਾ ਕੁਝ ਕਈ ਲੇਖਕਾਂ ਦੇ ਸਾਹਮਣੇ ਹੀ ਢਹਿ ਢੇਰੀ ਹੋ ਜਾਵੇਗਾ ਕਿਉਂਕਿ ਇਸ 'ਚ ਲੇਖਕ ਦੇ ਆਪਣੇ ਯਤਨ ਸ਼ਾਮਲ ਹੁੰਦੇ ਹਨ। ਸਿਰਫ ਇੱਕ ਅੱਧ ਕਿਤਾਬ ਜਾਂ ਦੋ ਚਾਰ ਕਹਾਣੀਆਂ ਹੀ ਬਚਣਗੀਆਂ, ਜਿਹੜੀਆਂ ਕਿ ਅਗਲੀ ਸਦੀ 'ਚ ਜਾਣਗੀਆਂ। ਇਹ ਸਰਵੋਤਮ ਸਾਹਿਤ ਹੋਵੇਗਾ। ਮੈਂ ਇਸੇ ਸੰਦਰਭ 'ਚੋ ਤੁਹਾਡੇ ਤੋਂ ਸਵਾਲ

ਪੁੱਛ ਰਿਹਾਂ। ਜੁਆਬ ਈਮਾਨਦਾਰੀ ਨਾਲ ਦੇਣਾ। ਪੰਜਾਬੀ ਦੀ ਕਿਹੜੀ ਅਜਿਹੀ ਕਹਾਣੀ ਹੈ ਜਿਹੜੀ 2050 'ਚ ਯਾਦ ਰੱਖੀ ਜਾਵੇਗੀ ?

**ਪ੍ਰੇਮ ਪ੍ਰਕਾਸ਼:**-ਭੀਸ਼ਮ ਸਾਹਨੀ ਦੀ ਅੱਧੀ ਗੱਲ ਠੀਕ ਏ। ਅਗਲੀ ਸਦੀ ਤਕ ਜਾਂਦਿਆਂ ਬੜਾ ਕੁਝ ਨਸ਼ਟ ਹੋ ਜਾਣਾ ਏ। ਪਰ ਅਗਲੀ ਸਦੀ (21ਵੀ) 'ਚ ਉਹ ਸਭ ਕੁਝ ਜਾਵੇਗਾ ਜਿਹੜਾ ਪਿਛਲੀਆਂ ਸਦੀਆਂ 'ਚ ਰਚਿਆ ਜਾਂਦਾ ਰਿਹਾ ਏ। ਬਹੁਤਾ ਸਾਰਾ ਸਾਹਿਤ ਗੋਹਲੇ ਬਨਾਉਣ ਦੇ ਕੰਮ ਆਵੇਗਾ, ਪਰ ਨਵੀਂ ਸਦੀ 'ਚ ਵੀ ਅਜਿਹਾ ਸਾਹਿਤ ਰਚਿਆ ਜਾਂਦਾ ਰਵੇਗਾ ਜਿਹੜਾ ਅੱਗੇ ਜਾ ਕੇ ਨਸ਼ਟ ਹੋ ਜਾਵੇਗਾ। ਇਹ ਸਿਲਸਿਲਾ ਜਾਰੀ ਰਹਿੰਦਾ ਏ। –ਪੁਰਾਣੇ ਸੰਸਕ੍ਰਿਤ ਸਾਹਿਤ ਵਿੱਚੋਂ ਸਾਡੇ ਕੋਲ ਦੋ ਮਹਾਂ ਕਾਵਿ, ਬਹੁਤ ਸਾਰੇ ਨਾਟਕ, ਪ੍ਰੇਮ-ਕਾਵਿ, ਕ੍ਰਿਸ਼ਣ-ਕਾਵਿ ਤੇ ਸ਼ਿੰਗਾਰ ਰਸ ਦਾ ਬੜਾ ਵੱਡਾ ਖਜ਼ਾਨਾ ਬਚਿਆ ਪਿਆ ਏ। ਏਸੇ ਤਰਾਂ ਹਿੰਦੀ ਤੇ ਪੰਜਾਬੀ ਸਾਹਿਤ ਦਾ ਵੀ ਕੁਝ ਨਾ ਕੁਝ ਬਚ ਜਾਵੇਗਾ। – ਉਹ ਕੀ ਹੋਵੇਗਾ? ਇਹਦੇ ਬਾਰੇ ਮੈਂ ਕੁਝ ਨਹੀਂ ਦੱਸ ਸਕਦਾ। ਕੇਵਲ ਏਨਾ ਕਹਿ ਸਕਦਾ ਹਾਂ ਕਿ ਜਿਹੜਾ ਸਾਹਿਤ ਸਾਡੀਆਂ ਮੂਲ ਪ੍ਰਵਿਰਤੀਆਂ ਦੀ ਸੰਤਸ਼ਟੀ ਕਰਦਾ ਰਵੇਗਾ, ਉਹਦੇ ਬਚਣ ਦੀ ਸੰਭਾਵਨਾ ਵੱਧ ਹੁੰਦੀ ਏ। –ਮੇਰਾ ਖਿਆਲ ਏ ਕਿ ਭੀਸ਼ਮ ਸਾਹਨੀ ਦਾ ਕੁਝ ਨਹੀਂ ਬਚੇਗਾ।

**ਜਿੰਦਰ**:- 'ਡੈੱਡ ਲਾਇਨ' ਕਹਾਣੀ ਕਿਵੇਂ ਲਿਖੀ ਗਈ?

**ਪ੍ਰੇਮ ਪ੍ਰਕਾਸ਼:**- ਇਹ ਕਹਾਣੀ 1979 'ਚ ਲਿਖੀ ਗਈ ਸੀ। ਗੱਲ ਬਹੁਤ ਪੁਰਾਣੀ ਹੋ ਗਈ ਏ। ਮੈਨੂੰ ਬਹੁਤਾ ਕੁਝ ਯਾਦ ਨਹੀਂ। ਮੇਰੇ ਕੋਲ ਇਸਤ੍ਰੀ ਲਈ ਤੀਬਰ ਇੱਛਿਆ ਦਾ ਅਨੁਭਵ ਬਹੁਤ ਭਾਰੂ ਸੀ, ਮੌਤ ਦਾ ਅਨੁਭਵ ਤੇ ਦਰਦ ਮੇਰੇ ਇੱਕ ਛੋਟੇ ਭਾਈ ਦੀ ਦੁਰਘਟਨਾ 'ਚੋਂ ਹੋਈ ਮੌਤ ਦਾ ਸਿੱਟਾ ਸੀ। ਉਹ ਗੁੜ ਬਣਨ ਦੇ ਨੇੜੇ ਆਈ ਪੱਤ ਦੇ ਕੜਾਹੇ 'ਚ ਡਿਗ ਕੇ ਸੜ ਗਿਆ ਸੀ। ਫੇਰ ਕਿੰਨੇ ਹੀ ਦਿਨਾਂ ਬਾਅਦ ਪਟਿਆਲੇ ਦੇ ਹਸਪਤਾਲ 'ਚ ਮਰ ਗਿਆ ਸੀ। ਮੇਰੀ ਜ਼ਿੰਦਗੀ ਦਾ ਇਹ ਪਹਿਲਾਂ ਵੱਡਾ ਸਦਮਾ ਸੀ, ਜਿਸ ਦਾ ਪ੍ਰਭਾਵ ਮੇਰੇ 'ਤੇ ਬੜਾ ਲੰਮਾ ਚਿਰ ਰਿਹਾ ਸੀ। ਘਟਨਾ ਦੀ ਬੁਨਿਆਦ ਮੈਨੂੰ ਆਪਣੇ ਦੋਸਤ ਓਮ ਪ੍ਰਕਾਸ਼ ਪਨਾਹਗੀਰ ਦੇ ਸਾਲੇ ਨੂੰ ਹੋਏ ਗਲੇ ਦੇ ਕੈਂਸਰ ਤੋਂ ਲੱਭੀ। ਉਹਦਾ ਇਲਾਜ ਲੰਮਾ ਚੱਲਿਆ

ਸੀ। ਏਸ ਸਮੇਂ 'ਚ ਉਹਦੇ ਵਿਹਾਰ 'ਚ ਜਿਹੜੀਆਂ ਤਬਦੀਲੀਆਂ ਆਉਂਦੀਆਂ, ਉਹ ਪਨਾਹਗੀਰ ਮੈਨੂੰ ਦੱਸਦਾ ਰਹਿੰਦਾ ਸੀ। ਮੈਂ ਆਪ ਵੀ ਉਹਦੀ ਖ਼ਬਰ ਲੈਣ ਜਾਂਦਾ ਹੁੰਦਾ ਸੀ। ਉਹਦੇ ਗੁਜ਼ਰਨ ਤੋਂ ਬਾਅਦ ਅਚਾਨਕ ਮੇਰੀ ਕਲਪਨਾ 'ਚ ਤਸਵੀਰਾਂ ਬਨਣ ਲੱਗ ਪਈਆਂ। ਉਹੀ ਤਸਵੀਰਾਂ ਜੁੜ ਕੇ ਇੱਕ ਰਾਤ ਪੂਰੀ ਤਸਵੀਰ ਬਣ ਗਈ। ਦਿਓਰ ਭਾਬੀ ਦੇ ਇਸ ਰਿਸ਼ਤੇ ਦੀਆਂ ਤਸਵੀਰਾਂ ਪਤਾ ਨਹੀਂ ਕਿਥੋਂ-ਕਿਥੋਂ ਬਣੀਆਂ। ਸੱਚ ਇਹ ਵੇ ਕਿ ਕਿਸੇ ਵੀ ਭਾਬੀ ਨਾਲ ਮੇਰਾ ਕੋਈ ਸਰੋਕਾਰ ਰਿਹਾ ਹੀ ਨਹੀਂ। ਮੈਂ ਆਪਣੀ ਭਾਬੀ ਨੂੰ ਕਦੇ ਕਪੜੇ ਤੋਂ ਵੀ ਨਹੀਂ ਛੂਹਿਆ। ਸਿਰਫ ਗੱਲਾਂ ਸੁਣੀਆਂ ਜਾਂ ਕਦੇ ਦੇਖੀਆਂ ਸਨ ਦੋਹਾਂ ਦੇ ਸੰਬੰਧਾਂ ਦੀਆਂ। ਸਾਡੇ ਮਹਾਜਨੀ ਉਪ ਸੱਭਿਆਚਾਰ'ਚ ਦਿਓਰ ਭਾਬੀ ਵਿਚਕਾਰ ਉਹ ਰਿਸ਼ਤਾ ਨਹੀਂ ਹੰਦਾ, ਜਿਹੜਾ ਜੱਟਾਂ ਜਾਂ ਹੋਰ ਜਾਤਾਂ 'ਚ ਹੁੰਦਾ ਏ। ਏਸੇ ਲਈ ਏਸ ਕਹਾਣੀ ਦੇ ਛਪਣ ਤੇ ਕਈਆਂ ਨੇ ਬੜੇ ਇਤਰਾਜ਼ ਕੀਤੇ ਸਨ।

**ਜਿੰਦਰ**:- ਤੁਸੀਂ ਲਿਖਦੇ ਹੋ,''ਲੇਖਕ ਕਹਿੰਦੇ ਹਨ ਕਿ ਉਹ ਜ਼ਿੰਦਗੀ ਨੂੰ ਬੇਨਕਾਬ ਕਰਦੇ ਹਨ, ਪਰ ਮੈਂ ਤਾਂ ਜ਼ਿੰਦਗੀ ਦਾ ਭੇਤ ਦੱਸਦਾ ਹਾਂ। ਕੁੱਝ ਦੱਸਣ ਦੀ ਰੀਝ ਨਾਲ ਲਿਖਦਾ ਹਾਂ। ਮੈਨੂੰ ਲੱਗਦਾ ਹੈ ਕਿ ਕਈ ਗੱਲਾਂ ਮੈਂ ਹੀ ਸਿਰਫ ਦੱਸ ਸਕਦਾ ਹਾਂ।'' ਕੀ ਸਾਹਿਤਕਾਰ ਦਾ ਇੰਨਾ ਕ ਰੋਲ ਹੁੰਦਾ ਹੈ? ਇੱਕ ਹੋਰ ਪ੍ਰਸ਼ਨ ਸਾਹਿਤ ਦੀ ਕੀ ਸਾਰਥਿਕਤਾ ਹੁੰਦੀ ਹੈ?

**ਪ੍ਰੇਮ ਪ੍ਰਕਾਸ਼**:- ਉਦੋਂ ਮੇਰਾ ਜਵਾਬ ਏਸ ਗੱਲ ਦੇ ਪ੍ਰਤੀਕਰਮ ਵਜੋਂ ਬਣਿਆ ਸੀ ਕਿ ਸਾਹਿਤ ਸਮਾਜ ਨੂੰ ਬੇਨਕਾਬ ਕਰਦਾ ਏ। ਇਹ ਅਖ਼ਬਾਰੀ ਸ਼ਬਦ ਏ, ਬੇਨਕਾਬ ਕਰਨਾ ਜਾਂ ਨੰਗਿਆਂ ਕਰਨਾ। ਬਹੁਤੇ ਲੇਖਕ ਅਜਿਹਾ ਹੀ ਸਾਹਿਤ ਰਚਦੇ ਨੇ। ਮੈਂ ਉਦੋਂ ਭੇਤ ਖੋਲਣ ਦੀ ਗੱਲ ਕੀਤੀ ਸੀ। ਫੇਰ ਭੇਤ ਲੱਭਣ ਦੀ। ਜਦੋਂ ਮੈਂ ਇਹ ਕਿਹਾ ਸੀ ਕਿ ਕਈ ਗੱਲਾਂ ਸਿਰਫ ਮੈਂ ਹੀ ਦੱਸ ਸਕਦਾ ਹਾਂ, ਉਦੋਂ ਸ਼ਾਇਦ ਮੈਂ ਜਾਤ, ਉਪਜਾਤ ਜਾਂ ਸੰਸਕ੍ਰਿਤੀ ਉਪ ਸੰਸਕ੍ਰਿਤੀ ਦੇ ਟਕਰਾਓ ਦੀਆਂ ਕਹਾਣੀਆਂ ਲਿਖ ਰਿਹਾ ਸੀ। ਉਦੋਂ ਹੋਰ ਕੋਈ ਅਜਿਹਾ ਨਹੀਂ ਸੀ ਕਰ ਰਿਹਾ।

ਮੈਂ ਸਾਰੇ ਸਾਹਿਤਕਾਰਾਂ ਦੇ ਰੋਲ ਦੀ ਗੱਲ ਨਹੀਂ ਦੱਸ ਸਕਦਾ। ਬਹੁਤੇ ਸਾਹਿਤਕਾਰਾਂ ਦੇ ਰੋਲ ਵੱਖ–ਵੱਖ ਹੋਣਗੇ। ਪਰ ਮੇਰੇ ਸਾਹਿਤ ਦਾ ਰੋਲ ਬਹੁਤ ਸੀਮਤ ਲੱਗਦਾ ਏ। ਮੇਰਾ ਮਨੋਰਥ ਤਾਂ ਜੀਵਨ ਦੇ ਸੱਚ ਦੇ ਭੇਤ ਲੱਭਣਾ ਤੇ ਸਮਝਣਾ ਹੀ ਏ।

ਇਹ ਕਿੰਨੀ ਮੋਟੀ ਗੱਲ ਏ ਕਿ ਸਾਰੇ ਸਾਹਿਤ ਨੂੰ ਇੱਕ ਇੱਕਾਈ ਮੰਨ ਲਿਆ ਜਾਂਦਾ ਏ। ਜਦ ਕਿ ਸਾਹਿਤ ਵੱਖ-ਵੱਖ ਮਨੋਰਥਾਂ ਲਈ ਲਿਖਿਆ ਜਾਂਦਾ ਏ। ਹਰੇਕ ਕਿਸਮ ਦਾ ਸਾਹਿਤ ਆਪਣਾ ਮਨੋਰਥ ਪੂਰਾ ਕਰਨ ਦੇ ਜਤਨ ਕਰਦਾ ਏ। ਤੈਨੂੰ ਪਤਾ ਏ ਕਿ ਸਾਹਿਤ ਤਾਂ ਨਫਰਤ ਵੀ ਫੈਲਾਓਂਦਾ ਏ। ਦੋ ਧਰਮਾਂ ਦੇ ਲੋਕਾਂ ਵਿੱਚਕਾਰ ਦੰਗੇ ਫਸਾਦ ਵੀ ਕਰਵਾਓਂਦਾ ਏ। ਦੂਜੇ ਦ੍ਰਿਸ਼ਟੀਕੋਣ ਦੇ ਲੋਕਾਂ ਨੂੰ ਕਤਲ ਕਰਨ ਲਈ ਵੀ ਉਕਸਾਓਂਦਾ ਏ। ਇੱਕ ਸਾਹਿਤ ਇੰਜ ਕਰਨ ਤੋਂ ਰੋਕਦਾ ਵੀ ਏ। ਵਰਜਦਾ ਵੀ ਏ। ਪਰ ਇਹ ਸਾਰਾ ਸਾਹਿਤ ਥੋੜੇ ਚਿਰ ਰਹਿਣ ਵਾਲਾ ਹੁੰਦਾ ਏ। ਕਿਉਂਕਿ ਇਹਦੇ 'ਚ ਸਦੀਵੀ ਕਦਰਾਂ ਨਹੀਂ ਹੁੰਦੀਆਂ।

**ਜਿੰਦਰ**:- ਤੁਹਾਡੀਆਂ ਮੁੱਢਲੀਆਂ ਕਹਾਣੀਆਂ 'ਚ ਮੌਤ ਦਾ ਵਾਰ–ਵਾਰ ਜ਼ਿਕਰ ਆਉਂਦਾ ਹੈ ਤੇ 'ਸ਼ਵੇਤਾਂਬਾਰ ਨੇ ਕਿਹਾ ਸੀ' ਦਾ ਪਾਤਰ ਵੀ ਕਹਿੰਦਾ ਹੈ:-ਹੁਣ ਮੈਨੂੰ ਮਾਰ ਦੇ। ਇਸ 'ਮੌਤ ' ਦੀ ਧਾਰਨਾ ਦਾ ਮੁੱਢ ਕਿਥੋਂ ਬੱਝਿਆ?

**ਪ੍ਰੇਮ ਪ੍ਰਕਾਸ਼**:- ਇਹਦੀ ਮੈਨੂੰ ਪੂਰੀ ਸਮਝ ਨਹੀਂ। ਮੇਰੀਆਂ ਪਹਿਲੀਆਂ ਕਹਾਣੀਆਂ 'ਕੱਚਕੜੇ –1966' ਦੇ ਪਾਤਰਾਂ ਦੀਆਂ ਸੋਚਾਂ 'ਚ ਗਰਮੀ, ਗੁੱਸਾ ਤੇ ਜੋਸ਼ ਏ। ਪਰ ਦੂਜੇ ਕਹਾਣੀ ਸੰਗ੍ਰਹਿ 'ਨਮਾਜ਼ੀ–1971' ਦੇ ਪਾਤਰ ਮੌਤ ਬਾਰੇ ਵੱਧ ਸੋਚਦੇ ਨੇ। ਉਹ ਬੁੱਢੇ ਵੀ ਨੇ। ਜੇ ਜਵਾਨ ਨੇ ਤਾਂ ਉਹਨਾਂ ਦੀ ਸੋਚ ਤੇ ਸੁਭਾਓ ਬੁੱਢਿਆਂ ਵਰਗਾ ਏ। ਇਥੋਂ ਤੱਕ ਕਿ ਜਿਹੜੀ ਕਹਾਣੀ ਨੌਜਵਾਨ ਮੁੰਡੇ ਤੇ ਕੁੜੀ ਦੇ ਮਿਲਾਪ ਦੀ ਏ ਉਹ ਬੁੱਢੇ ਦੀ ਨਜ਼ਰ ਤੋਂ ਦੇਖੀ ਗਈ ਏ ਜਾਂ ਜਵਾਨ ਦੀ ਸੋਚ ਦੀ ਟੋਰ ਸੁਸਤ ਤੇ ਢਿੱਲੜ ਜਿਹੀ ਏ। ਇਹਦਾ ਕਾਰਣ ਮੇਰੇ ਉਸ ਸਮੇਂ (1966 ਤੋਂ 1970 ਤੱਕ) ਦੇ ਨਿੱਜੀ ਹਾਲਾਤ ਵੀ ਹੋ ਸਕਦੇ ਨੇ। ਇੱਕ ਇਹ ਵੀ ਸੀ ਕਿ ਅਗਾਂਹ ਵਧੂ ਸੋਚ ਤਿਫਾੜ ਹੋ ਚੁੱਕੀ ਸੀ। ਸਾਰੇ ਦੇਸ਼ ਦੇ ਚਿੰਤਕਾਂ ਤੇ ਲੇਖਕਾਂ ਦੀ ਸੋਚ ਢਿੱਲੀ ਪੈ ਗਈ ਸੀ। ਸਾਹਿਤ ਵਿੱਚ ਪ੍ਰਯੋਗਵਾਦ, ਭੁੱਖੀ ਪੀੜੀ, ਅਕਵਿਤਾ, ਅਕਹਾਣੀ ਜਿਹੇ ਅੰਦੋਲਨ ਚੱਲ ਰਹੇ ਸਨ। ਪੁਰਾਣੇ ਸੁਫਨੇ ਟੁੱਟ ਰਹੇ ਸਨ 'ਤੇ ਨਵਾਂ ਸੁਫਨਾ ਹਾਲੇ ਕੋਈ ਬਣਿਆ ਨਹੀਂ ਸੀ – ਉਹ ਸਮਾਂ ਦੁਬਿਧਾ ਵਾਲੀ ਮਾਨਸਿਕਤਾ ਵਾਲਾ ਸੀ। ਉਸੇ ਮਾਨਸਿਕਤਾ ਦਾ ਪ੍ਰਭਾਵ ਮੇਰੇ 'ਤੇ ਵੀ ਰਿਹਾ ਹੋਵੇਗਾ। ਪਰ ਬਾਦ 'ਚ ਜਦ ਮੈਂ ਮੁਕਤੀ–ਰੰਗ ਦੀਆਂ ਕਹਾਣੀਆਂ ਲਿਖਣ ਲੱਗਿਆ ਤਾਂ ਮੌਤ ਦੀ ਉਹ ਸੋਚ ਮੇਰੇ ਨਾਲ ਰਹੀ। ਮਨ ਦੀ ਦੁਬਿਧਾ ਨੇ ਹੋਰ ਪੇਚੀਦਗੀਆਂ ਪੈਦਾ ਕਰ

ਦਿੱਤੀਆਂ। ਫੇਰ ਮੌਤ ਭਾਰਤੀ ਦਰਸ਼ਨ ਦੇ ਰੂਪ ਵਜੋਂ ਮੇਰੇ ਅੰਦਰ ਕੰਮ ਕਰਦੀ ਰਹੀ। ਉਸ ਦਰਸ਼ਨ ਅਨੁਸਾਰ ਮੌਤ ਮਨੁੱਖ ਦੀਆਂ ਸਾਰੀਆਂ ਸੋਚਾਂ ਦੀ ਜਨਨੀ ਹੈ। ਇਹ ਚੰਗੀ ਅਵਸਥਾ ਨਾ ਹੁੰਦੀ ਤਾਂ ਅਸੀਂ ਜ਼ਿੰਦਗੀ ਦੇ ਏਨੇ ਸੁਖਾਂ ਸਵਾਦਾਂ ਬਾਰੇ ਵੀ ਨਹੀਂ ਸੋਚਣਾ ਸੀ। ਭਾਰਤੀ ਦਰਸ਼ਨ 'ਚ ਮੌਤ ਜੀਵਨ ਦਾ ਅੰਤ ਨਹੀਂ, ਮੁੱਢ ਏ। ਉਥੋਂ ਨਵਾਂ ਜਨਮ ਸ਼ੁਰੂ ਹੁੰਦਾ ਏ।

**ਜਿੰਦਰ:-** ਕੁਝ ਲੇਖਕਾਂ/ਆਲੋਚਕਾਂ ਦਾ ਵਿਚਾਰ ਹੈ ਕਿ ਤੁਸੀਂ ਪ੍ਰੇਮ ਦੇ ਕਹਾਣੀਕਾਰ ਹੋ। ਕੁਝ ਤੁਹਾਨੂੰ ਇਸਤਰੀ ਪੁਰਖ ਦੇ ਡੂੰਘੇ ਰਿਸ਼ਤਿਆਂ ਦਾ ਕਹਾਣੀਕਾਰ ਮੰਨਦੇ ਹਨ। ਪਰ ਮੇਰੇ ਵਿਚਾਰ 'ਚ ਅਸਲ ਵਿੱਚ ਤੁਹਾਡਾ ਪ੍ਰੇਮ ਦੇ ਰੋਗ ਦੇ ਕਹਾਣੀਕਾਰ ਵਜੋਂ ਠੀਕ ਮੁਲਾਂਕਣ ਹੋਇਆ ਹੈ। ਇਸ 'ਪ੍ਰੇਮ ਦੇ ਰੋਗ' ਦਾ ਬੀਜ ਤਹਾਨੂੰ ਕਿਥੋਂ ਮਿਲਿਆ?

**ਪ੍ਰੇਮ ਪ੍ਰਕਾਸ਼:-** ਇਹ ਗੱਲ ਮੈਂ ਕਈ ਵਾਰੀ ਦੱਸੀ ਏ ਕਿ ਮੈਂ ਪ੍ਰੇਮ ਕਹਾਣੀਆਂ ਨਹੀਂ ਲਿਖਦਾ। ਅਸਲ 'ਚ ਪ੍ਰੇਮ ਸ਼ਬਦ ਦੀ ਵਰਤੋਂ ਜਿਹੜੀ ਪਰੰਪਰਾਗਤ ਅਰਥਾਂ 'ਚ ਹੋਈ ਏ ਉਹਦੇ ਅਨੁਸਾਰ ਸਾਡੇ ਮਨ 'ਚ ਹੀਰ ਰਾਝਾਂ, ਲੈਲਾ ਮਜਨੂੰ, ਸੱਸੀ ਪੁਨੂੰ ਦੇ ਪਾਤਰ ਆਉਂਦੇ ਨੇ। ਜਿਹੜੇ ਪਿਆਰ 'ਚ ਅੰਨੇ ਹੋਏ ਬਾਰਾਂ ਵਰ੍ਹੇ ਖੂਹ ਗੇੜਦੇ ਜਾਂ ਮੱਝੀਆਂ ਚਾਰਦੇ ਨੇ। ਮੈਂ ਏਸ ਅਵਸਥਾ ਨੂੰ ਪਾਗਲਪਨ ਸਮਝਦਾ ਹਾਂ। ਸ਼ਬਦ ਮਜਨੂੰ 'ਜਨੂੰਨ' ਤੋਂ ਬਣਿਆ ਏ, ਜੀਹਦਾ ਅਰਥ 'ਪਾਗਲ' ਏ। ਇਹ ਕਥਾਵਾਂ ਭਾਵੁਕ ਤੇ ਮੋਟੀ ਬੁੱਧੀ ਵਾਲੇ ਬੰਦਿਆਂ ਦੇ ਮਨ ਪਰਚਾਵੇ ਲਈ ਲਿਖੀਆਂ ਗਈਆਂ ਹੋਣਗੀਆਂ....ਪਰ ਮੈਂ ਕਹਾਣੀਆਂ ਆਦਮੀ ਤੇ ਇਸਤਰੀ (ਭਾਵੇਂ ਜਵਾਨ ਹੋਣ ਤੇ ਭਾਵੇਂ ਬੁੱਢੇ) ਦੇ ਆਪਸੀ ਸੰਬੰਧਾਂ ਦੇ ਹਰ ਪਲ ਬਦਲਦੇ ਰੂਪਾਂ ਦੀਆਂ ਉਧੜਦੀਆਂ ਪਰਤਾਂ ਨੂੰ ਸਮਝਣ ਲਈ ਲਿਖੀਆਂ ਨੇ। ਮੇਰੇ ਪਾਤਰ ਬਹੁਤੀ ਵਾਰ ਅਸਧਾਰਣ ਲੱਗਦੇ ਨੇ। ਉਹਨਾਂ ਦੇ ਵਿਹਾਰ ਅਸਧਾਰਨ ਮਨੋਵਿਗਿਆਨ ਨੂੰ ਸਮਝ ਕੇ ਹੀ ਸਮਝੇ ਜਾ ਸਕਦੇ ਨੇ।... ਮੇਰਾ ਖਿਆਲ ਏ ਕਿ ਬਹੁਤੇ ਲੋਕ ਅਸਧਾਰਣ ਹੁੰਦੇ ਨੇ। ਜਦੋਂ ਉਹਨਾਂ ਦੀ ਅਸਧਾਰਣਤਾ ਵਿਗੜ ਜਾਂਦੀ ਏ ਤਾਂ ਉਹ ਮਨੋਰੋਗੀ ਬਣ ਜਾਂਦੇ ਨੇ। ਹਰ ਬੰਦੇ 'ਚ ਕੋਈ ਨਾ ਕੋਈ ਟੇਢ ਹੈ। ਉਹ ਟੇਢਾਂ ਮੈਨੂੰ ਸਮਝਣ ਲਈ ਦਿਲਚਪਸ ਲੱਗਦੀਆਂ ਨੇ। ਮੈਂ ਉਹਨਾਂ ਦੀਆਂ ਉਲਝਣਾਂ ਖੋਲਦਾ ਹਾਂ।

ਮੇਰੇ ਪਾਤਰਾਂ ਦੀਆਂ ਉਲਝਣਾ ਨੂੰ 'ਪ੍ਰੇਮ ਰੋਗ' ਕਹਿਣਾ ਠੀਕ ਨਹੀਂ, ਇਹ ਤਾਂ ਜੀਵਨ–ਰੋਗ ਏ। ਪਾਤਰ ਜਿਉਣ ਵਾਸਤੇ ਤਰ੍ਹਾਂ– ਤਰ੍ਹਾਂ ਦੇ ਖੇਖਣ, ਪਖੰਡ ਤੇ ਅਦਾਕਾਰੀ ਕਰਦੇ ਦਿੱਸਦੇ ਉਹ ਸਚਾਈਆਂ ਹੰਢਾਉਂਦੇ ਨੇ, ਜਿਹੜੀਆਂ ਸਧਾਰਨ ਬੁੱਧੀ ਵਾਲੇ ਪਾਠਕ ਜਾਂ ਆਲੋਚਕ ਦੀ ਪਕੜ 'ਚ ਨਹੀਂ ਆਉਂਦੀਆਂ। ਜੀਵਨ–ਰੋਗ ਦੇ ਬੀਜ ਕਿਸੇ ਵਿਸ਼ੇਸ਼ ਸਮੇਂ ਪੈਦਾ ਨਹੀਂ ਹੁੰਦੇ। ਉਹ ਤਾਂ ਜਨਮ ਤੋਂ ਹੀ ਉੱਗਣ ਲੱਗ ਪੈਂਦੇ ਨੇ। ਤੇ ਮਰਨ ਤਕ ਆਪਣੇ ਉੱਗਣ ਦਾ ਸਿਲਸਿਲਾ ਜਾਰੀ ਰੱਖਦੇ ਨੇ। ਜਿਊਣ ਦੀ ਲਾਲਸਾ 'ਚ ਜੇ ਕੋਈ ਇਸਤਰੀ ਦਾ ਸੰਗ ਸ਼ਿੱਦਤ ਨਾਲ ਚਾਹੁੰਦਾ ਏ ਤਾਂ ਕੋਈ ਹੋਰ ਕਰਸੀ ਪਿੱਛੇ, ਧਨ ਪਿੱਛੇ ਜਾਂ ਨਾਮਣਾ ਖੱਟਣ ਪਿੱਛੇ ਸ਼ੁਦਾਈ ਹੋ ਸਕਦਾ ਏ। ਕਿਸੇ ਲਈ ਵੀ ਪਿਆਰ ਦੇ ਬੀਜ਼ ਦੇ ਨਾਲ ਬੰਦੇ ਅੰਦਰ ਨਫਰਤ ਦਾ ਬੀਜ ਵੀ ਹੁੰਦਾ ਏ। ਬਦਲੇ ਦੀ ਭਾਵਨਾ ਵੀ ਹੁੰਦੀ ਏ। ਮੇਰੀਆਂ ਕਹਾਣੀਆਂ ਤੇ ਪਾਤਰਾਂ 'ਚ ਇਹਨਾਂ ਸਾਰੀਆਂ ਭਾਵਨਾਵਾਂ ਦੇ ਬੀਜ ਮੌਜੂਦ ਨੇ।

**ਜਿੰਦਰ**:-ਤੁਹਾਡਾ ਨਾਂ ਨਕਸਲਵਾੜੀ ਲਹਿਰ ਨਾਲ ਜੁੜਿਆ ਰਿਹਾ ਹੈ ਤੇ ਤੁਸੀਂ ਇਸ ਦੇ ਮਿੱਠੇ–ਖੱਟੇ ਅਨੁਭਵਾਂ ਨੂੰ 'ਦਸਤਾਵੇਜ਼' ਨਾਵਲ ਦੇ ਰੂਪ ਵਜੋਂ ਸਾਹਮਣੇ ਲਿਆਂਦਾ ਹੈ ਪਰ ਇਉਂ ਲੱਗਦਾ ਹੈ ਕਿ ਤੁਸੀਂ ਲਹਿਰ ਨਾਲ ਜੁੜੇ ਰਹਿੰਦਿਆਂ ਹੋਇਆ ਵੀ ਆਪਣੀਆਂ ਕਹਾਣੀਆਂ ਤੇ ਕੋਈ ਬੱਝਵਾਂ ਪ੍ਰਭਾਵ ਨਹੀਂ ਕਬੂਲਿਆ। ਆਖਿਰ ਅਜਿਹਾ ਕਿਓਂ?

**ਪ੍ਰੇਮ ਪ੍ਰਕਾਸ਼:**-1969 'ਚ ਪੰਜਾਬ 'ਚ ਨਕਸਲੀ ਲਹਿਰ ਦਾ ਜ਼ੋਰ ਦਿੱਸਣ ਲੱਗਾ ਸੀ। ਉਹਦਾ ਸਿੱਧਾ ਅਸਰ ਕਾਲਜਾਂ, ਸਕੂਲਾਂ ਦੇ ਅਧਿਆਪਕਾਂ, ਵਿਦਿਆਰਥੀਆਂ ਤੇ ਲੇਖਕਾਂ 'ਤੇ ਬਹੁਤਾ ਸੀ। ਏਸ ਲਹਿਰ ਦੀ ਅਗਵਾਈ ਕਮਿਊਨਿਸਟ ਪਾਰਟੀ ਦੇ ਕ੍ਰਾਂਤੀਕਾਰੀ ਰੋਲ ਤੋਂ ਨਿਰਾਸ਼ ਹੋਏ ਤੱਤੇ ਲਹੂ ਵਾਲੇ ਲੋਕ ਕਰ ਰਹੇ ਸਨ। ਉਹਨਾਂ ਦਿਨਾਂ 'ਚ ਸਾਹਿਤ ਦਾ ਹਾਲ ਇਹ ਸੀ ਕਿ ਸਾਹਿਤਕਾਰਾਂ ਦੇ ਜ਼ਿਹਨ ਉਲਝੇ ਪਏ ਸਨ। ਭਟਕੇ ਆਮ ਲੇਖਕ ਨਿਰਾਸ਼ਾ ਭਰੀ ਤੇ ਬਿਨਾਂ ਸੋਚੇ ਸਮਝੇ ਟੁੱਲੇ ਲਾ ਰਹੇ ਸਨ। ਪਰ ਬੰਗਾਲੀ 'ਚ ਨਵ–ਕ੍ਰਾਂਤੀਕਾਰੀ ਸਾਹਿਤ ਰਚਿਆ ਜਾ ਰਿਹਾ ਸੀ, ਜੀਹਦੇ ਵਿੱਚ ਸਾਹਿਤਕਾਰ ਕੇਵਲ ਕਲਮ ਚਲਾਉਣ ਵਾਲਾ ਹੀ ਨਹੀਂ, ਬਲਕਿ ਆਪ ਕ੍ਰਾਂਤੀਕਾਰੀ ਲਹਿਰ ਦਾ ਹਿੱਸਾ ਬਨਣ ਦਾ ਦਾਅਵਾ ਕਰਦਾ ਸੀ। ਇਹਨੇ ਸਾਡੀਆਂ ਭਾਵਨਾਵਾਂ ਨੂੰ ਵੀ ਗਰਮ ਕਰ ਦਿੱਤਾ ਸੀ। ਅਮਰਜੀਤ ਚੰਦਨ ਨੇ ਲੁਕਵਾਂ

ਪਰਚਾ 'ਦਸਤਾਵੇਜ਼' ਕੱਢ ਲਿਆ ਸੀ। ਸੁਰਜੀਤ ਹਾਂਸ ਇੰਗਲੈਂਡ ਸੀ। ਉਹਨੇ ਪੈਸੇ ਭੇਜੇ ਤੇ ਮੈਂ ਸਾਹਿਤ ਨੂੰ ਹਥਿਆਰ ਬਨਾਉਣ ਦਾ ਦਾਅਵਾ ਕਰ ਕੇ 'ਲਕੀਰ' ਕੱਢਿਆ। ਜੀਹਦੇ ਵਿੱਚ ਉਲ ਜਲੂਲ ਸਾਹਿਤ ਦੀ ਨਿੰਦਿਆ ਕੀਤੀ ਗਈ ਤੇ ਕ੍ਰਾਂਤੀਕਾਰੀ ਸਾਹਿਤ ਛਾਪਿਆ ਗਿਆ.....ਉਦੋਂ ਵੀ ਮੈਨੂੰ ਪਤਾ ਸੀ ਕਿ ਇਹ ਕ੍ਰਾਂਤੀਕਾਰੀ ਸਾਹਿਤ ਵੱਡਾ ਸਾਹਿਤ ਨਹੀਂ ਬਣ ਸਕੇਗਾ। ਪਰ ਕ੍ਰਾਂਤੀ ਲਈ ਸਾਹਿਤ ਤੇ ਹੋਰ ਕਿਸੇ ਵੀ ਕਲਾ ਤੇ ਨਿੱਜੀ ਅਜ਼ਾਦੀ ਦੀ ਕਰਬਾਨੀ ਦਿੱਤੀ ਜਾ ਸਕਦੀ ਏ। ਏਸੇ ਸੋਚ ਨਾਲ ਮੈਂ ਪਰਚਾ ਲਹਿਰ ਦੇ ਠੰਢੀ ਪੈਣ ਤਕ ਕੱਢਦਾ ਰਿਹਾ। ਪਰ ਮੈਂ ਆਪ ਕੋਈ ਕ੍ਰਾਂਤੀਕਾਰੀ ਕਹਾਣੀ ਨਹੀਂ ਲਿਖੀ। ਪਾਸ਼ ਨੇ ਏਸ ਗੱਲ ਦਾ ਗਿਲਾ ਕੀਤਾ ਸੀ ਕਿ ਪ੍ਰੇਮ ਪ੍ਰਕਾਸ਼ ਨੇ ਸਾਨੂੰ ਗੁੰਮਰਾਹ ਕੀਤਾ। ਉਹਦਾ ਦੂਜਾ ਅਣਕਿਹਾ ਗਿਲਾ ਸੀ ਕਿ ਮੈਂ ਲਾਲ ਸਿੰਘ ਦਿਲ ਨੂੰ ਵੱਡਾ ਕਵੀ ਬਣਾ ਕੇ ਛਾਪਦਾ ਸੀ। ਮੈਨੂੰ ਪਤਾ ਸੀ ਕਿ ਹਰ ਵੇਲੇ ਵੱਡਾ ਸਾਹਿਤ ਨਹੀਂ ਰਚਿਆ ਜਾਂਦਾ। ਪਰ ਏਸ ਗੱਲ ਦਾ ਅਫਸੋਸ ਏ ਕਿ ਲਹਿਰ ਤੋਂ ਬਾਅਦ ਵੀ ਲਹਿਰ ਬਾਰੇ ਚੰਗਾ ਕਥਾ ਸਾਹਿਤ ਨਹੀਂ ਰਚਿਆ ਗਿਆ। ਇਹਦਾ ਕਾਰਣ ਇਹ ਵੀ ਏ ਕਿ ਸਾਡੇ ਸਾਹਿਤਕਾਰ ਸਿਆਸੀ ਲੀਡਰਾਂ ਦੇ ਥੱਲੇ ਲੱਗ ਕੇ ਸੋਚਦੇ ਤੇ ਕੰਮ ਕਰਦੇ ਰਹੇ ਨੇ। ਉਹ ਸਿਆਸਤਦਾਨਾਂ ਨੂੰ ਆਪਣੇ ਨਾਲੋਂ ਵੱਧ ਚੇਤਨ ਮਨੁੱਖ ਮੰਨਦੇ ਸੀ। ਜਦੋਂ ਕਿ ਸਚਾਈ ਇਹ ਸੀ ਕਿ ਸਿਆਸਤਦਾਨ ਮੱਕਾਰ ਮਨੁੱਖ ਵੱਧ ਹੁੰਦਾ ਏ। ਅੰਤਰ ਆਤਮਾ ਕੇਵਲ ਕਲਾਕਾਰ ਜਾਂ ਧਾਰਮਿਕ ਮਨੁੱਖ ਦੀ ਵੱਧ ਚਿਰ ਤਕ ਜਾਗਦੀ ਰਹਿ ਸਕਦੀ ਏ।

**ਜਿੰਦਰ**:- 'ਦਸਤਾਵੇਜ਼' ਤੋਂ ਬਾਅਦ ਤੁਸੀਂ ਕੋਈ ਵੀ ਨਾਵਲ ਨਹੀਂ ਲਿਖਿਆ? ਕੀ ਤਹਾਨੂੰ ਕੋਈ ਅਨੁਭਵ ਨਹੀਂ ਹੈ ਜਾਂ ਤੁਸੀਂ ਨਾਵਲ ਨਹੀਂ ਲਿਖ ਸਕਦੇ?

**ਪ੍ਰੇਮ ਪ੍ਰਕਾਸ਼**:- 'ਦਸਤਾਵੇਜ਼' ਲਿਖਣ ਵੇਲੇ ਮੇਰੀ ਇਹ ਸੋਚ ਨਹੀਂ ਸੀ ਕਿ ਮੈਂ ਨਾਵਲ ਲਿਖ ਰਿਹਾ ਹਾਂ। ਉਹਨੀਂ ਦਿਨੀਂ (1973) ਮੈਂ ਮਕਾਨ ਬਣਵਾ ਰਿਹਾ ਸੀ। ਅਖ਼ਬਾਰ ਦੇ ਦਫਤਰ ਜਾਣ ਤੋਂ ਪਹਿਲਾਂ ਤੇ ਫੇਰ ਰਾਤ ਨੂੰ ਅੱਧੀ ਦਿਹਾੜੀ ਇੱਟਾਂ ਮਿੱਟੀ ਨਾਲ ਘੁਲਦਾ ਸੀ। ਘਰ 'ਚ ਬਿਜਲੀ ਨਹੀਂ ਸੀ। ਮੈਂ ਲੈਂਪ ਬਾਲ ਕੇ ਸਰਾਣੇ ਵੱਲ ਰੱਖੇ ਸਟੂਲ 'ਤੇ ਰੱਖ ਲੈਂਦਾ ਤੇ ਥੋੜੇ ਚਾਨਣ 'ਚ ਯਾਦਾਂ ਲਿਖੀ ਜਾਂਦਾ। ਮਹੀਨੇ ਪਿਛੋਂ ਮੈਂ ਮੁੜ ਕੇ ਪੜੀਆਂ ਤਾਂ ਚੰਗੀਆਂ ਲੱਗੀਆਂ। ਮੈਂ ਆਖਰੀ ਚੈਪਟਰ ਗਲਪ ਵਜੋਂ ਨਾਲ ਜੋੜ ਦਿੱਤਾ। ਜਦ ਛਪਿਆ ਤਾਂ ਇਹਨੂੰ ਨਾਵਲ ਮੰਨ

ਲਿਆ ਗਿਆ ਤੇ ਫੇਰ ਸਾਰੀਆਂ ਕਮਿਊਨਿਸਟ ਪਾਰਟੀਆਂ ਵੱਲੋਂ ਇਹਦੀ ਨਿੰਦਿਆ ਕੀਤੀ ਗਈ। ਮੈਨੂੰ ਅਮਰੀਕਾ ਹੱਥ ਵਿਕਿਆ ਲੇਖਕ ਆਖਿਆ ਗਿਆ। ਏਸ ਤੋਂ ਬਾਦ ਮੈਂ ਇੱਕ ਨਾਵਲ ਲਿਖਣ ਦੀ ਕੋਸ਼ਿਸ਼ ਕੀਤੀ। ਪਰ ਲਿਖ ਨਾ ਸਕਿਆ। ਇੱਕ ਨਾਵਲ 1962 ਦੇ ਗੇੜ 'ਚ ਲਿਖਿਆ ਸੀ। ਉਹ ਮੈਂ ਦਸ ਕ ਵਰੇ ਰੱਖ ਕੇ ਸਾੜ ਦਿੱਤਾ। ਹੁਣ ਲੱਗਦਾ ਏ ਕਿ ਏਨਾ ਲੰਮਾ ਕੰਮ ਕਰਨਾ ਮੇਰੇ ਵਸ 'ਚ ਨਹੀਂ। ਜੇ ਕੋਈ ਗੱਲ ਮੈਂ ਆਖਣੀ (ਲਿਖਣੀ) ਹੁੰਦੀ ਏ, ਉਹ ਕਦੇ ਛੋਟੀ, ਕਦੇ ਵੱਡੀ ਤੇ ਕਦੇ ਲੰਮੀ ਕਹਾਣੀ 'ਚ ਕਰ ਲੈਂਦਾ ਹਾਂ। - ਮੈਂ ਜਾਂ ਹੋਰ ਕੋਈ ਸਾਹਿਤਕਾਰ ਕੀ ਕਰ ਸਕਦਾ ਏ ਤੇ ਕੀ ਨਹੀਂ, ਏਸ ਬਾਰੇ ਕੋਈ ਵੀ ਨਹੀਂ ਦੱਸ ਸਕਦਾ। ਪਤਾ ਨਹੀਂ ਕਿਸ ਵੇਲੇ ਕਿਸੇ ਤੋਂ ਕੀ ਲਿਖ ਹੋ ਜਾਵੇ।

**ਜਿੰਦਰ**:-ਮੈਂ ਕ੍ਰਮਵਾਰ ਵੀ ਗੱਲ ਕਰਾਂ ਤਾਂ ਮੁਕਤੀ, ਡੈਡਲਾਈਨ, ਸ਼ਵੇਤਾਂਬਰ ਨੇ ਕਿਹਾ ਸੀ, ਆਦਿ ਕਹਾਣੀਆਂ ਦੀ ਜਿੰਨੀ ਚਰਚਾ ਹੋਈ ਸੀ ਜਾਂ ਅਜੇ ਵੀ ਹੈ – ਓਨੀ ਤੁਹਾਡੀ ਕਿਸੇ ਹੋਰ ਕਹਾਣੀ ('ਪਰਫਾਰਮੈਂਸ' ਤੇ 'ਬਿੱਲੀਆਂ' ਬਾਰੇ ਮੱਧਮ ਸੁਰ 'ਚ ਗੱਲ ਚੱਲੀ ਸੀ) ਦੀ ਗੱਲ ਨਹੀਂ ਹੁੰਦੀ। ਪੇਪਰਾਂ/ਸੈਮੀਨਾਰਾਂ 'ਚ ਵੀ ਤੁਹਾਡੀਆਂ ਮੁਕਤੀ, ਡੈਡਲਾਈਨ, ਸ਼ਵੇਤਾਂਬਰ ਨੇ ਕਿਹਾ ਸੀ, ਕਹਾਣੀਆਂ ਨੂੰ ਹੀ ਕੋਟ ਕੀਤਾ ਜਾ ਰਿਹਾ ਹੈ। ਤੁਹਾਡੀਆਂ ਬਾਅਦ ਦੀਆਂ ਕਹਾਣੀਆਂ ਬਾਰੇ ਗੰਭੀਰ ਨੋਟਿਸ ਕਿਉਂ ਨਹੀਂ ਲਿਆ ਗਿਆ। ਕੀ ਅਜਿਹਾ ਤਾਂ ਨਹੀਂ ਕਿ ਤੁਸੀਂ ਆਪਣੇ ਆਪ ਨੂੰ ਰੀਪੀਟ ਕਰ ਰਹੇ ਹੋ?

**ਪ੍ਰੇਮ ਪ੍ਰਕਾਸ਼**:-ਇਹ ਸੁਆਲ ਤੂੰ ਪਹਿਲਾਂ ਵੀ ਪੁੱਛਿਆ ਸੀ। ਖੈਰ.... ਮੁਕਤੀ, ਡੈਡਲਾਈਨ, ਸ਼ਵੇਤਾਂਬਰ ਨੇ ਕਿਹਾ ਸੀ, ਤਿੰਨੋਂ ਕਹਾਣੀਆਂ ਦੀ ਏਨੀ ਚਰਚਾ ਹੋਣੀ ਆਪਣੇ ਤੌਰ 'ਤੇ ਤਸੱਲੀ ਵਾਲੀ ਗੱਲ ਏ। ਪਰ ਸ਼ਾਇਦ ਤੈਨੂੰ ਪਤਾ ਨਹੀਂ ਕਿ ਮੇਰੀ ਕਹਾਣੀ ਗੋਈ, ਲੱਛਮੀ, ਮੱਛੀ, ਘਰ, ਇਹ ਉਹ ਜਸਵੀਰ ਨਹੀਂ, ਬਾਪੂ ਅਤੇ ਕਾਰ ਸੇਵਾ ਦੀ ਚਰਚਾ ਵੀ ਬਹੁਤ ਹੋਈ ਏ। 'ਡੈੱਡਲਾਈਨ' ਬਹੁਤਿਆਂ ਦੇ ਮੂੰਹ ਤੇ ਚੜ੍ਹ ਗਈ ਏ। ਜਦ ਕੋਈ ਗੰਭੀਰ ਆਲੋਚਕ ਮੇਰੀ ਕਹਾਣੀ ਕਲਾ ਬਾਰੇ ਲਿਖਦਾ ਏ ਤਾਂ ਆਪਣੀ-ਆਪਣੀ ਪਸੰਦ ਅਨੁਸਾਰ ਹੋਰਾਂ ਕਹਾਣੀਆਂ 'ਚੋਂ ਉਸਨੂੰ ਬਹੁਤ ਕੁਝ ਲੱਭਦਾ ਏ। ਬਹੁਤ ਗੁਣ ਦਿੱਸਦੇ ਨੇ। ਡਾ. ਜੋਗਿੰਦਰ ਸਿੰਘ ਰਾਹੀ ਨੇ ਹੁਣੇ ਮੇਰੀਆਂ ਜਿਹੜੀਆਂ ਕਹਾਣੀਆਂ ਚੁਣ ਕੇ ਅੰਗ੍ਰਜ਼ੀ 'ਚ ਅਨੁਵਾਦ ਕੀਤੀਆਂ ਨੇ, ਉਹਨਾਂ

'ਚ ਕਾਨੀ' ਤੇ 'ਕਪਾਲ ਕਿਰਿਆ' ਨੂੰ ਵਿਸ਼ੇਸ਼ ਤੌਰ 'ਤੇ ਚੁਣਿਆ ਏ। ਡਾ.ਹਰਿਭਜਨ ਸਿੰਘ ਨੇ ਮੇਰੀ ਇੱਕ ਕਹਾਣੀ 'ਏਸ ਜਨਮ 'ਚ' ਦਾ ਜ਼ਿਕਰ 'ਖਾਮੋਸ਼ੀ ਦਾ ਜਜ਼ੀਰਾ' ਵਿੱਚ ਖਾਸ ਤੌਰ ਤੇ ਕੀਤਾ ਏ। 'ਗੜੀ' ਤੇ 'ਘੋੜਾ' ਬਾਰੇ ਦੋ ਵਿਦਵਾਨਾਂ ਨੇ ਵੱਖਰੇ–ਵੱਖਰੇ ਲੇਖ ਲਿਖੇ ਨੇ। ਮੇਰੀ ਪੁਸਤਕ 'ਕੁਝ ਅਣਕਿਹਾ ਵੀ' ਤੋਂ ਬਾਅਦ 'ਰੰਗਮੰਚ ਤੇ ਭਿਕਿਸ਼ੂ' ਤੇ 'ਸੁਣਦੈਂ ਖਲੀਫਾ' ਛਪੀਆਂ ਤਾਂ ਮੈਂ ਆਪ ਸਰੀਰਕ ਤੇ ਮਾਨਸਿਕ ਸਿਹਤ ਵੱਲੋਂ ਢਿੱਲਾ ਹੋਣ ਕਰਕੇ ਅਵੇਸਲਾ ਜਿਹਾ ਸੀ। ਉਂਜ ਵੀ ਕਹਾਣੀਆਂ 'ਚ ਪਹਿਲਾਂ ਵਾਲੀ ਸ਼ਿੱਦਤ ਨਹੀਂ ਸੀ। ਲੇਖਕ ਹਮੇਸ਼ਾਂ ਇੱਕੋ ਤਾੜੇ 'ਤੇ ਨਹੀਂ ਰਹਿੰਦਾ। ਇਹ ਗੱਲ ਠੀਕ ਏ ਕਿ ਮੇਰੀਆਂ ਕਹਾਣੀਆਂ 'ਚ ਦੁਹਰਾਉ ਏ। ਨਰ ਤੇ ਨਾਰੀ ਵਿਚਕਾਰ ਰਿਸ਼ਤੇ ਨੂੰ ਮਾਨਣਾ ਤੇ ਸਮਝਣਾ, ਇਹ ਵਿਸ਼ਾ ਅਨਾਦਿ ਕਾਲ ਤੋਂ ਚਲਿਆ ਆ ਰਿਹਾ ਏ ਤੇ ਅਨੰਤ ਸਮੇਂ ਤਕ ਰਹਿਣਾ ਏ। ਮੈਂ ਇਹਨੂੰ ਦੁਹਰਾਉਂਦਿਆਂ ਰਹਿਣਾ ਏ। ਇੱਕ ਦੁਹਰਾਈ ਪਾਤਰਾਂ ਦੀ ਹੁੰਦੀ ਏ। ਉਸ ਤੋਂ ਮੈਂ ਵਾਹ ਲੱਗਦੀ ਬਚਣ ਦੇ ਜਤਨ ਕਰਦਾ ਹਾਂ। ਕਦੇ ਸਫਲ ਨਹੀਂ ਵੀ ਹੁੰਦਾ। ਇੱਕ ਦੁਹਰਾਈ ਟਰੀਟਮੈਂਟ ਦੀ ਏ। ਉਹਦੇ ਲਈ ਮੈਂ ਬਹੁਤ ਸਾਰੀਆਂ ਜੁਗਤਾਂ ਵਰਤਦਾ ਦੁਹਰਾਅ ਜਾਂਦਾ ਹਾਂ। ਇਸ ਦੁਹਰਾਈ ਨਾਲ ਹੀ ਮੇਰੀ ਸ਼ੈਲੀ ਬਣੀ ਏ। ਜਿਵੇਂ ਵਿਰਕ ਨੇ ਆਪਣੀਆਂ ਸਾਰੀਆਂ ਇੱਕ ਸੌ ਛੇ ਕਹਾਣੀਆਂ ਇੱਕੋ ਸ਼ੈਲੀ 'ਚ ਲਿਖੀਆਂ। ਜੀਹਦੇ ਨਾਲ ਵਿਰਕ ਦੀ ਵੱਖਰੀ ਸ਼ੈਲੀ ਮੰਨੀ ਗਈ। ਹੁਣ ਵਿਰਕ ਸ਼ੈਲੀ 'ਚ ਕੋਈ ਵੀ ਲਿਖੇ, ਉਹ ਵੱਡਾ ਕਾਹਣੀਕਾਰ ਨਹੀਂ ਬਣ ਸਕਦਾ। ਇਵੇਂ ਮੇਰੀ ਸ਼ੈਲੀ ਵਿਕਸਿਤ ਹੋਈ ਏ। ਜਿਸ ਦੀ ਨਕਲ ਕਈ ਕਹਾਣੀਕਾਰ ਕਰ ਰਹੇ ਨੇ।

**ਜਿੰਦਰ**:- ਖਦਸ਼ਾ ਜ਼ਾਹਿਰ ਕੀਤਾ ਜਾ ਰਿਹਾ ਹੈ ਕਿ ਪੰਜਾਬੀ ਸਾਹਿਤ ਦੇ ਪਾਠਕ ਘੱਟ ਹਨ। ਕੋਈ ਵੀ ਪਰਚਾ ਪੰਜ ਜਾਂ ਛੇ ਸੌ ਤੋਂ ਜ਼ਿਆਦਾ ਛਪਦਾ ਨਹੀਂ। ਗੈਰ–ਸਾਹਿਤਕ ਗਾਹਕ ਭਾਵੇਂ ਦਸ ਹਜ਼ਾਰ ਬਣਾ ਲਉ। ਕਈ ਇਸ ਨੂੰ ਮੀਡੀਆ ਦੇ ਫੈਲਾਉ ਦਾ ਪ੍ਰਭਾਵ ਮੰਨਦੇ ਹਨ। ਕਿਤਾਬਾਂ ਦੀ ਛਪਣ ਗਿਣਤੀ ਘੱਟ ਗਈ ਹੈ। ਜਦੋਂ ਇਹ ਸੰਕਟ ਚੱਲ ਰਿਹਾ ਹੈ ਤਾਂ ਠੀਕ ਉਸੇ ਸਮੇਂ ਫਜ਼ੂਲ ਕਿਸਮ ਦੀ ਆਲੋਚਨਾ, ਲੇਖ ਛਪਣੇ ਸ਼ੁਰੂ ਹੋ ਗਏ ਹਨ। ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜੋ ਕੁਝ ਹੋ ਰਿਹਾ ਹੈ, ਕੀ ਇਸ ਨਾਲ ਪੰਜਾਬੀ 'ਚ ਲਿਖਣ ਵਾਲਿਆਂ ਜਾਂ ਪਾਠਕ ਵਰਗ 'ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਏਗਾ?

**ਪ੍ਰੇਮ ਪ੍ਰਕਾਸ਼:**-ਪੰਜਾਬੀ ਦੇ ਪਾਠਕ ਬਹੁਤ ਵਧੇ ਨੇ। ਜਦ ਅਣਪੜ੍ਹਤਾ ਘਟਦੀ ਏ ਤਾਂ ਪਾਠਕ ਵਧਦੇ ਹੀ ਨੇ। ਸਾਹਿਤ ਨੂੰ ਵੀ ਉਹਨਾਂ 'ਚੋਂ ਕੁਝ ਹਿੱਸਾ ਮਿਲਦਾ ਏ। ਪਰ ਸਾਹਿਤ ਦੇ ਪ੍ਰਬੁੱਧ ਪਾਠਕ ਏਨੇ ਨਹੀਂ ਵਧੇ। ਦੂਜੇ ਸੰਚਾਰ ਮਾਧਿਆਮਾਂ ਨੇ ਆਪਣਾ ਹਿੱਸਾ ਲੈ ਲਿਆ ਏ। ਜਿਸਦਾ ਪ੍ਰਭਾਵ ਕਿਤਾਬਾਂ ਦੀ ਗਿਣਤੀ 'ਤੇ ਪਿਆ ਏ। ਹੁਣ ਕਿਤਾਬਾਂ (ਟਾਈਟਲਾਂ) ਦੀ ਗਿਣਤੀ ਵਧ ਗਈ, ਪਰ ਇੱਕ ਛਾਪ ਦੀ ਗਿਣਤੀ ਘਟ ਗਈ ਏ। ਇਹਦੇ ਉੱਤੇ ਵਪਾਰ ਦਾ ਵੀ ਪ੍ਰਭਾਵ ਏ। ਸਾਹਤਿਕ ਪਰਚਿਆਂ ਦਾ ਘਟ ਗਿਣਤੀ 'ਚ ਛਪਣਾ ਮੇਰੀ ਜਾਚੇ ਕੋਈ ਸੰਕਟ ਨਹੀਂ। ਇਹ ਸੰਕਟ ਮਾੜੇ ਸਾਹਿਤਕਾਰਾਂ ਲਈ ਏ। ਪਰ ਉਹ ਵੀ ਫ਼ਿਕਰ ਨਾ ਕਰਨ। ਉਹਨਾਂ ਦਾ ਸਾਹਿਤ ਛਾਪਣ ਲਈ ਦੈਨਿਕ ਅਖ਼ਬਾਰ ਤੇ ਚਾਲੂ ਰਸਾਲੇ ਬਥੇਰੇ ਨਿਕਲ ਰਹੇ ਨੇ। ਲੇਖਕ, ਸਾਹਿਤਕਾਰ ਤੇ ਆਲੋਚਕ ਵਿਚਕਾਰ ਅਜਿਹਾ ਰਿਸ਼ਤਾ ਹਮੇਸ਼ਾਂ ਤੋਂ ਰਿਹਾ ਏ। ਚੰਗਾ ਮਾੜਾ ਹਮੇਸ਼ਾ ਲਿਖਿਆ ਜਾਂਦਾ ਰਿਹਾ ਏ। ਮੈਂ ਅਖ਼ਬਾਰਾਂ ਨਹੀਂ ਪੜ੍ਹਦਾ। ਕਿਸੇ ਦੇ ਵਿਰੁੱਧ ਜਾਂ ਪੱਖ 'ਚ ਲਿਖਿਆ ਹੀ ਜਾਂਦਾ ਰਿਹਾ ਏ। ਇਹ ਕੋਈ ਅਲੋਕਾਰ ਵਤੀਰਾ ਨਹੀਂ। ਹੁਣ ਦੇ ਸਮੇਂ ਨੂੰ ਮੈਂ ਪਿਛਲੇ ਨਾਲੋਂ ਚੰਗਾ ਸਮਝਦਾ ਹਾਂ। ਪਹਿਲਾਂ ਸੰਤ ਸਿੰਘ ਸੇਖੋਂ ਜੋ ਕੁਝ ਕਹਿੰਦਾ ਸੀ, ਸਾਰੇ ਉਹਦੇ ਮਗਰ ਤਰ ਪੈਂਦੇ ਸੀ। ਹੁਣ ਅਸੀਂ ਕਿਸੇ ਸੀਮਾ ਤਕ ਇੱਜੜ ਮਾਨਸਿਕਤਾ ਤੋਂ ਬਚ ਰਹੇ ਹਾਂ। ਇਹਦਾ ਲੇਖਕਾਂ ਤੇ ਪਾਠਕਾਂ 'ਤੇ ਚੰਗਾ ਪ੍ਰਭਾਵ ਹੀ ਪੈ ਰਿਹਾ ਏ। ਮਾਰਕਸਵਾਦੀ ਭਾਈ ਇਸਤ੍ਰੀ ਪੁਰਸ਼ ਦੇ ਰਿਸ਼ਤਿਆਂ, ਸੰਸਕ੍ਰਿਤੀ ਤੇ ਭਾਰਤੀ ਦਰਸ਼ਨ ਬਾਰੇ ਸੋਚ ਸਮਝ ਰਹੇ ਨੇ। ਮੈਨੂੰ ਲਕੀਰ ਦੀ ਛਪਣ ਗਿਣਤੀ ਵਧਾਉਣ 'ਚ ਕੋਈ ਦਿਲਚਸਪੀ ਨਹੀਂ। ਗਿਣਤੀ ਵਧੂ ਤਾਂ ਘਾਟਾ ਵਧੂ। ਜੇ ਨਿਸ਼ਾਨਾ ਬਹੁਤਿਆਂ ਨੂੰ ਪਾਠਕ ਬਣਾਉਣ ਦਾ ਹੋ ਜਾਵੇ ਤਾਂ ਮਿਆਰ ਘਟ ਜਾਂਦਾ ਏ।

**ਜਿੰਦਰ**:-ਪ੍ਰੇਮ ਪ੍ਰਕਾਸ਼ ਖੰਨਵੀ ਤੋਂ ਪ੍ਰੇਮ ਪ੍ਰਕਾਸ਼ ਬਣਨ ਦਾ ਕੀ ਚੱਕਰ ਸੀ?

**ਪ੍ਰੇਮ ਪ੍ਰਕਾਸ਼:**- ਉਰਦੂ ਦੇ ਸਾਹਤਿਕਾਰ ਜਾਂ ਸ਼ਾਇਰ ਆਪਣੇ ਪਿੰਡ ਜਾਂ ਸ਼ਹਿਰ ਦਾ ਨਾਂ ਆਪਣੇ ਨਾਂ ਨਾਲ ਜੋੜ ਲੈਂਦੇ ਸੀ। ਮੈਂ ਉਹਨਾਂ ਦੀ ਰੀਸ ਕੀਤੀ ਸੀ। ਖੰਨੇ ਦਾ ਹੋਣ ਕਰਕੇ ਖੰਨਵੀ ਹੋ ਗਿਆ। ਇਹ ਨਾਂ ਚੱਲ ਵੀ ਪਿਆ ਸੀ। ਮੈਂ ਚਾਰ ਸਾਲ ਲਿਖਦਾ ਰਿਹਾ। ਫੇਰ 'ਚੇਤਨਾ' ਦੇ ਸੰਪਾਦਕ ਸ. ਸਵਰਨ ਦੀ ਸਲਾਹ 'ਤੇ ਮੈਂ ਇਹਨੂੰ ਲਾਹ ਦਿੱਤਾ। ਇਹ

ਸਾਹਤਿਕ ਹਲਕਿਆਂ 'ਚ ਤਾਂ ਲਹਿ ਗਿਆ, ਪਰ ਪੱਤਰਕਾਰੀ ਹਲਕੇ 'ਚ ਮੈਨੂੰ ਚੰਬੜਿਆ ਰਿਹਾ। 'ਮਿਲਾਪ' ਤੇ 'ਹਿੰਦ ਸਮਾਚਾਰ' 'ਚ ਬਹੁਤੇ ਪੱਤਰਕਾਰ ਸਾਥੀਆਂ ਨੂੰ ਮੇਰੇ ਪੂਰੇ ਨਾਂ ਦਾ ਪਤਾ ਨਹੀਂ ਸੀ। ਉਹ 'ਖੰਨਵੀ ਸਾਹਿਬ' ਹੀ ਕਹਿੰਦੇ ਸੀ। ਨਾਂ ਦੇ ਨਾਲ ਸਾਹਿਬ ਕਹਿਣਾ ਉਰਦੂ ਵਾਲਿਆਂ ਦੀ ਸੱਭਿਅਤਾ ਸੀ। ਹੁਣ ਮੈਨੂੰ ਇਹ 'ਖੰਨਵੀ' ਨਾ ਚੰਗਾ ਲੱਗਦਾ ਏ ਤੇ ਨਾ ਈ ਮਾੜਾ। ਪਹਿਲਾਂ ਫ਼ਖ਼ਰ ਹੁੰਦਾ ਸੀ। ਹੁਣ ਤਾਂ ਮੈਂ ਖੰਨਵੀ ਤੋਂ ਵੱਧ ਜਲੰਧਰੀ ਹੋ ਗਿਆ ਹਾਂ।

**ਜਿੰਦਰ:**- ਤੁਹਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਪੱਤਰਕਾਰੀ 'ਚ ਬੀਤਿਆ। ਹਿੰਦ ਸਮਾਚਾਰ 'ਚ ਉਪ ਸੰਪਾਦਕ ਵਜੋਂ। ਤੁਸੀਂ ਇਹਨਾਂ ਸਾਲਾਂ 'ਚ ਬਤੌਰ ਪ੍ਰੇਮ ਪ੍ਰਕਾਸ਼ ਕਹਾਣੀਕਾਰ ਤੇ ਪ੍ਰੇਮ ਪ੍ਰਕਾਸ਼ ਮੁਲਾਜ਼ਮ 'ਚ ਤਾਲਮੇਲ ਕਿਵੇਂ ਬਣਾਈ ਰੱਖਿਆ?

**ਪ੍ਰੇਮ ਪ੍ਰਕਾਸ਼:**- ਏਸ ਤਾਲਮੇਲ ਲਈ ਮੇਰੇ ਕੰਮ ਆਈ ਮੇਰੀ ਜ਼ਿੱਦ। ਮੈਂ ਅਖ਼ਬਾਰਾਂ 'ਚ ਕੰਮ ਕਰਨ ਤੋਂ ਪਹਿਲਾਂ ਅਖ਼ਬਾਰ ਨਵੀਸਾਂ ਨੂੰ ਨਫਰਤ ਕਰਦਾ ਸੀ। ਕੁਦਰਤ ਨੇ ਮੈਥੋਂ ਅਜਿਹਾ ਬਦਲਾ ਲਿਆ ਕਿ ਮੈਨੂੰ ਅਖਬਾਰ ਨਵੀਸ ਬਣਾ ਕੇ ਪੱਤਰਕਾਰਾਂ ਨਾਲ ਬਿਠਾ ਦਿੱਤਾ। ਮੈਂ ਏਸ ਅੱਤਿਆਚਾਰ ਨੂੰ ਸਹਿੰਦਾ ਲੜਦਾ ਭਿੜਦਾ ਕੰਮ ਕਰਦਾ ਰਿਹਾ। ਏਸੇ ਨਫਰਤ ਕਰ ਕੇ ਮੈਂ ਪੱਤਰਕਾਰਾਂ 'ਤੇ ਇਹ ਜ਼ਾਹਰ ਨਹੀਂ ਹੋਣ ਦਿੱਤਾ ਕਿ ਮੈਂ ਕਹਾਣੀਆਂ ਲਿਖਦਾ ਹਾਂ। ਮੈਂ ਸੌਂਹ ਖਾਧੀ ਸੀ ਅਖ਼ਬਾਰ 'ਚ ਆਪਣਾ ਨਾਂ ਨਹੀਂ ਛਪਵਾਉਣਾ ਤੇ ਅਖ਼ਬਾਰ ਦੇ ਦਫ਼ਤਰ 'ਚ ਮਿਲ ਕੇ ਜੇ ਕੋਈ ਸਾਹਿਤ ਬਾਰੇ ਗੱਲ ਕਰਨ ਲੱਗਦਾ ਤਾਂ ਮੈਂ ਰੋਕ ਦੇਂਦਾ ਸੀ। ਕਹਿੰਦਾ ਸੀ–ਇਹ ਗੱਲ ਘਰ ਜਾ ਕੇ ਕਰਾਂਗੇ। ਜਦ ਮੈਨੂੰ ਪੰਜਾਬ ਸਾਹਿਤ ਅਕਾਦਮੀ ਦਾ ਐਵਾਰਡ ਮਿਲਿਆ ਤਾਂ ਮੇਰੀ ਅਖ਼ਬਾਰ 'ਹਿੰਦ ਸਮਾਚਾਰ' ਤੇ 'ਪੰਜਾਬ ਕੇਸਰੀ' 'ਚ ਕਿਸੇ ਹੋਰ ਦਾ ਨਾਂ ਛਾਪਿਆ ਗਿਆ ਸੀ। ਦੂਜੇ ਦਿਨ ਕਰਤਾਰ ਸਿੰਘ ਦੁੱਗਲ ਨੇ ਆ ਕੇ ਵਿਜੇ ਕਮਾਰ ਨੂੰ ਮੇਰੇ ਬਾਰੇ ਦੱਸਿਆ ਸੀ।

**ਜਿੰਦਰ**:-ਜੇ ਮੈਂ ਨਹੀਂ ਭੁੱਲਦਾ ਤਾਂ ਮੈਂ ਤਹਾਨੂੰ 1982 ਦੇ ਐੜ ਗੇੜ 'ਚ ਪੁੱਛਿਆ ਸੀ ਕਿ ਤੁਹਾਨੂੰ ਬਤੌਰ ਕਹਾਣੀਕਾਰ ਕਿਸ ਤੋਂ ਖਤਰਾ ਹੈ ਤਾਂ ਤੁਸੀਂ ਅਤਰਜੀਤ ਦਾ ਨਾਂ ਲਿਆ ਸੀ। ਫੇਰ ਕਿਹਾ ਸੀ ਕਿਉਂ ਜੁ ਅਤਰਜੀਤ ਦੀ ਕਹਾਣੀ 'ਚ ਕਾਮਰੇਡਾਂ ਪ੍ਰਤੀ ਉਲਾਰਤਾ ਆ ਗਈ ਹੈ, ਹੁਣ ਇਹ ਖਤਰਾ ਖਤਮ ਹੋ ਗਿਆ ਹੈ। 1982 ਤੋਂ 2000 ਤੱਕ ਪੂਰੇ ਇੱਕੀ ਸਾਲਾਂ ਦਾ

ਵਕਫਾ। ਤੁਸੀਂ ਅਜੇ ਵੀ ਸਾਲ 'ਚ ਦੋ ਤਿੰਨ ਕਹਾਣੀਆਂ ਲਿਖ ਰਹੇ ਹੋ। ਮੈਂ ਜਾਣਨਾ ਚਾਹੁੰਦਾ ਹਾਂ ਕਿ ਹੁਣ ਤਹਾਨੂੰ ਕਿਸ ਕਹਾਣੀਕਾਰ ਤੋਂ ਖਤਰਾ ਹੈ?

**ਪ੍ਰੇਮ ਪ੍ਰਕਾਸ਼**:-ਮੈਨੂੰ ਠੀਕ ਯਾਦ ਨਹੀਂ। ਮੈਂ ਅਕਸਰ ਦਿਲਜੀਤ ਸਿੰਘ (ਦੁੱਕੀ, ਤਿੱਕੀ, ਪੰਜੀ) ਦਾ ਨਾਓ ਲੈਂਦਾ ਰਿਹਾ ਹਾਂ। ਸ਼ਾਇਦ ਕਦੇ ਅਤਰਜੀਤ ਦਾ ਵੀ ਲਿਆ ਹੋਵੇ। ਉਹਦੇ ਕਹਾਣੀ ਸੰਗ੍ਰਹਿ 'ਟੁਟਦੇ ਬਣਦੇ ਰਿਸ਼ਤੇ' 'ਚ ਕਈ ਕਹਾਣੀਆਂ ਬਹੁਤ ਚੰਗੀਆਂ ਨੇ। ਪਰ ਉਸ ਤੋਂ ਬਾਅਦ ਲੱਗਦਾ ਕਿ ਉਹਦਾ ਉਸ ਪਾਸੇ ਵੱਲ ਵਿਕਾਸ ਨਹੀਂ ਹੋਇਆ। ਉਹਨੂੰ ਉਹਦੀ ਵਰਗ ਚੇਤਨਤਾ ਨੇ ਘੇਰਿਆ ਹੋਇਆ ਏ। - ਇਹ ਸ਼ਬਦ 'ਖਤਰਾ' ਮੈਂ ਹਾਂ–ਪੱਖੀ ਅਰਥਾਂ 'ਚ ਲੇਖਕ ਦੀ ਵਡਿਆਈ ਕਰਨ ਲਈ ਵਰਤਿਆ ਸੀ। ਹਰੇਕ ਦਾ ਰਚਨਾ ਜਗਤ ਵੱਖਰਾ ਹੁੰਦਾ ਏ। 'ਖਤਰਾ' ਸ਼ਬਦ ਮੁੜ ਵਰਤਦਾ ਕਹਿੰਦਾ ਹਾਂ ਕਿ ਖਤਰਾ ਕਿਸੇ ਇੱਕ ਕਹਾਣੀਕਾਰ ਕੋਲੋਂ ਨਹੀਂ, ਸਾਰੀ ਨਵੀਂ ਪੀੜੀ ਤੋਂ ਏ, ਜਿਹੜੀ ਚੌਥੀ ਕੂਟ ਵੱਲ ਤੁਰ ਪਈ ਏ।– ਇਸ ਗੱਲ ਨੂੰ ਉਲਟਾ ਕੇ ਦੇਖੀਏ ਤਾਂ ਇਹ ਖਤਰਾ ਪੰਜਾਬੀ ਕਹਾਣੀ ਦਾ ਵਿਕਾਸ ਏ। ਜੀਹਦਾ ਸੁਆਗਤ ਕਰਨਾ ਚਾਹੀਦਾ ਏ। ਮੈਂ ਹਰੇਕ ਨਵੇਂ ਉਭਰਦੇ ਕਹਾਣੀਕਾਰ ਦਾ ਸੁਆਗਤ ਕਰਦਾ ਹਾਂ। 'ਖਤਰਾ' ਕਹਿ ਕੇ ਮੈਂ ਉਹਦੀ ਵਡਿਆਈ ਕਰਦਾ ਹਾਂ। – ਝੰਡੀ ਹਮੇਸ਼ਾਂ ਨਵੇਂ ਰਾਹ ਤੇ ਚੱਲਣ ਵਾਲੇ ਦੇ ਹੱਥ ਹੁੰਦੀ ਏ।

**ਜਿੰਦਰ**:- ਕੀ ਸ਼ਾਨਦਾਰ ਹੈ ਤੁਹਾਡਾ ਨਾਂ, ਪ੍ਰੇਮ ਪ੍ਰਕਾਸ਼! ਪ੍ਰੇਮ- ਲਵ। ਪ੍ਰਕਾਸ਼ ਨੂੰ ਇਨਲਾਈਟਿਨਮੈਂਟ ਕਿਹਾ ਜਾ ਸਕਦਾ ਹੈ। ਤੁਹਾਨੂੰ ਪ੍ਰੇਮ ਰੋਗ ਦਾ ਕਹਾਣੀਕਾਰ ਕਿਹਾ ਜਾਂਦਾ ਹੈ। ਤੁਹਾਡੀ ਵਿਦਵਤਾ ਅੱਗੇ ਸਿਰ ਝੁਕਦਾ ਹੈ। ਤਹਾਡੇ ਕੋਲ ਹਿੰਦੂ ਮਿਥਿਹਾਸ, ਕਲਚਰ , ਉਪ–ਕਲਚਰ ਦੀ ਕਾਫ਼ੀ ਸੂਝ ਹੈ। ਇਸ ਦੇ ਨਾਲ ਹੀ ਤੁਹਾਡੀ ਖ਼ੁਸ਼ਕੀ ਵੀ ਜਗ ਜ਼ਾਹਿਰ ਹੈ। ਹੁਣ ਤੁਸੀਂ ਮੇਰੇ ਸਾਹਮਣੇ ਹੋ। ਕੀ ਤੁਸੀਂ ਦੱਸੋਗੇ ਕਿ ਕੀ ਇਹ ਖੁਸ਼ਕੀ ਤੁਹਾਨੂੰ ਵਿਰਾਸਤ 'ਚ ਮਿਲੀ ਹੈ? ਮਾਹੌਲ ਤੋਂ ਮਿਲੀ ਹੈ ਜਾਂ ਕਿ ਪੂਰਵ ਜਨਮ ਦਾ ਕੋਈ ਫਲ?

**ਪ੍ਰੇਮ ਪ੍ਰਕਾਸ਼**:-ਜੇ ਤੂੰ ਹਿੰਦੀ ਪੜ੍ਹਿਆ ਹੁੰਦਾ ਤਾਂ ਤੈਨੂੰ ਪਤਾ ਹੁੰਦਾ ਕਿ ਪ੍ਰਕਾਸ਼ ਦਾ ਅਰਥ ਰੌਸ਼ਨੀ ਜਾਂ ਚਾਨਣਾ ਹੁੰਦਾ ਏ। ਮੇਰਾ ਸੁਭਾਅ ਅਜਿਹਾ ਕਿਉਂ ਏ, ਇਹਦੇ ਬਾਰੇ ਕੋਈ ਇੱਕ ਕਾਰਨ ਨਹੀਂ, ਬਹੁਤ ਸਾਰੇ ਹੁੰਦੇ ਨੇ। ਮੇਰੇ ਖਾਨਦਾਨੀ ਸੰਸਕਾਰ (ਜੀਨਜ), ਬਚਪਨ ਦੇ

ਪ੍ਰਤਿਕਰਮ, ਮੇਰੇ ਨਾਲ ਚੱਲਦਾ ਹੁਣ ਤਕ ਦਾ ਮਾਹੌਲ, ਮੇਰੇ ਸੁਭਾਅ ਦੇ ਚੰਗੇ ਮਾੜੇ ਪਹਿਲੂਆਂ ਨੂੰ ਸਮਝਣ ਵਾਲੇ ਦੀ ਸੂਝ ਤੇ ਉਹਦਾ ਆਪਣਾ ਸੁਭਾਅ–ਬਹੁਤ ਕੁਝ ਹੋ ਸਕਦਾ ਏ। ਮੈਂ ਪੂਰਵ ਜਨਮ ਨੂੰ ਨਹੀਂ ਮੰਨਦਾ। ਮੇਰੇ ਖਿਆਲ 'ਚ ਹਿੰਦੂ ਆਪਣੇ ਪੂਰਵਜਾਂ ਨੂੰ ਆਪਣੇ ਪਿਛਲੇ ਜਨਮ ਮੰਨਦੇ ਨੇ ਤੇ ਆਪਣੀਆਂ ਸੰਤਾਨਾਂ ਨੂੰ ਅਗਲੇ ਜਨਮ। ਚੁਰਾਸੀ ਲੱਖ ਜੂਨਾਂ ਭੋਗਣ ਦੀ ਗੱਲ ਦੀ ਜੜ ਵੀ ਇਹੀ ਏ।

ਮੈਂ ਅਕਸਰ ਬੁੜਕਦਾ ਤੇ ਮਖੌਲ ਕਰਦਾ ਰਹਿੰਦਾ ਹਾਂ। ਸਹਿੰਦਾ ਵੀ ਹਾਂ। ਲੜਦਾ ਵੀ ਹਾਂ। ਪਿਆਰ ਵੀ ਕਰਦਾ ਹਾਂ।



ਕਹਾਣੀਕਾਰ ਜਿੰਦਰ (ਖੱਬੇ ਪਾਸੇ) ਅਤੇ ਕਹਾਣੀਕਾਰ ਪ੍ਰੇਮ ਪ੍ਰਕਾਸ਼ (ਸੱਜੇ ਪਾਸੇ) ਦੀ ਯਾਦਗਰੀ ਤਸਵੀਰ